


# ਮਹਿਕ-ਏ-ਵਤਨ

# MehakEwattan

Fortnightly Newspaper




Hardev Brar
Chief Editor



• Vol-III • Issue- 04 • Phone : +64,274-427-338 +64 9 3900004 • www.mehakewattan.com • April 2025



06 ਜਲ੍ਹਿਆਂਵਾਲਾ ਬਾਗ ਕਤਲੇਆਮ ਬਾਰੇ ਬ੍ਰਿਟਿਸ਼ ਸਰਕਾਰ ਭਾਰਤੀ ਲੋਕਾਂ ਕੋਲੋਂ ਮੁਆਫ਼ੀ ਮੰਗੇ: ਬੌਬ ਬਲੈਕਮੈਨ





08 ਮਿਆਂਮਾਰ 'ਚ ਭੂਚਾਲ ਅਪਡੇਟ : ਮਰਨ ਵਾਲਿਆਂ ਦੀ ਗਿਣਤੀ 1,600 ਤੋਂ ਪਾਰ





15 ਆਸਟ੍ਰੇਲੀਆਈ ਫ਼ੈਡਰਲ ਚੋਣਾਂ 3 ਮਈ ਨੂੰ, ਅਲਬਨੀਜ਼ ਤੇ ਪੀਟਰ ਡੱਟਨ ਵਿਚਕਾਰ ਮੁਕਾਬਲਾ ਸਖ਼ਤ





18 ਕ੍ਰਿਕਟ ਦਾ ਰੋਮਾਂਚ ਹੋਵੇਗਾ ਸਿਖਰਾਂ 'ਤੇ, IND vs AUS ਸੀਰੀਜ਼ ਦਾ ਸ਼ਡਿਊਲ ਜਾਰੀ




## ਖਾਲਸਾ ਸਾਜਨਾ ਦਿਵਸ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸ਼ੁਸ਼ੋਭਿਤ



ਆਕਲੈਂਡ - ਵੈਸਾਖ ਮਹੀਨੇ ਦੇ ਪਹਿਲੇ ਦਿਨ ਮਨਾਇਆ ਜਾਂਦਾ **ਖਾਲਸਾ ਸਾਜਨਾ ਦਿਵਸ** ਦਾ **ਪਵਿੱਤਰ ਦਿਹਾੜਾ** ਹਰ ਸਾਲ 14 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਮਨਾਈਆ ਜਾਂਦਾ ਹੈ। ਆਮ ਤੌਰ 'ਤੇ ਇਹ ਤਿਉਹਾਰ ਹਾੜੀ ਦੀ ਫਸਲ ਪੱਕਣ ਦੀ ਖੁਸ਼ੀ ਵਿਚ ਵੀ ਮਨਾਇਆ ਜਾਂਦਾ ਹੈ। ਇਸ ਨੂੰ ਕਿਸਾਨਾਂ ਦਾ ਮੇਲਾ ਵੀ ਕਿਹਾ ਜਾਂਦਾ ਹੈ। ਇਸ ਦਿਨ ਕਈ ਥਾਵਾਂ 'ਤੇ ਭਾਰੀ ਮੇਲੇ ਆਦਿ ਵੀ ਲੱਗਦੇ ਹਨ ਅਤੇ ਕਈ ਗੁਰਦੁਆਰਿਆਂ ਵਿਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ।ਗੁਰੂ ਸਾਹਿਬ ਨੇ ਉਹਨਾਂ ਪੰਜਾ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦੀ ਪਦਵੀ ਦਿੱਤੀ ਅਤੇ ਬਾਅਦ ਵਿਚ ਉਹਨਾਂ ਪਾਸੋਂ ਆਪ ਅੰਮ੍ਰਿਤ ਛਕਿਆ। ਖਾਲਸੇ ਦੀ ਸਥਾਪਨਾ ਕਰ ਕੇ ਗੁਰੂ ਸਾਹਿਬ ਨੇ ਇਕ ਨਵਾਂ ਪੰਥ ਸਿਰਜਿਆ ਅਤੇ ਜਾਤ-ਪਾਤ, ਰੰਗ-ਭੇਦ ਆਦਿ ਦੇ ਵਿਤਕਰੇ ਨੂੰ ਖਤਮ ਕਰ ਦਿੱਤਾ।ਨਿਊਜ਼ੀਲੈਂਡ ਵੱਸਦੀਆਂ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਆਉਂਦੀ 5 ਅਪ੍ਰੈਲ (ਸ਼ਨੀਵਾਰ) ਨੂੰ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦੇਵੀ ਜੀ ਉਟਾਹੂਹੂ ਵਿਖੇ ਵਿਸਾਖੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਸਮੁੱਚੀਆਂ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਹਾਜਰੀ ਭਰਨ ਦੀ ਬੇਨਤੀ।

10 ਤੋਂ 12.30 ਵਜੇ ਦੀਵਾਨਾਂ ਦਾ ਸਮਾਂ ਰਹੇਗਾ, ਉਪਰੰਤ 12.30 ਵਜੇ ਨਗਰ ਕੀਰਤਨ ਸਜਾਇਆ ਜਾਏਗਾ।

ਨਗਰ ਕੀਰਤਨ ਉਟਾਹੂਹ ਸ਼ਾਪਿੰਗ ਮਾਲ ਤੋਂ ਹੁੰਦਿਆਂ ਵਾਪਿਸ ਗੁਰੂਘਰ ਪੁੱਜੇਗਾ।

ਦੱਸਦੀਏ ਕਿ ਪਹਿਲੀ ਵਾਰ 1996 ਵਿੱਚ ਗੁਰੂਘਰ ਵਿਖੇ ਨਗਰ ਕੀਰਤਾਨ ਸਜਾਇਆ ਗਿਆ ਸੀ ਤੇ ਉਸਤੋਂ ਬਾਅਦ ਹਰ ਸਾਲ ਪੂਰੀ ਸ਼ਰਧਾ ਨਾਲ ਸਜਾਇਆ ਜਾਂਦਾ ਰਿਹਾ ਹੈ। ਉਟਾਹੂਹੂ ਗੁਰੂਘਰ ਨਿਊਜ਼ੀਲੈਂਡ ਦੇ ਵਿੱਚ ਆਕਲੈਂਡ ਦੇ ਪਹਿਲੇ ਗੁਰੂਘਰ ਵਜੋਂ ਵੀ ਮਾਨਤਾ ਰੱਖਦਾ ਹੈ।

## ਆਸਟ੍ਰੇਲੀਆ 'ਚ ਦੂਜੀ ਵਾਰ ਸਰਕਾਰ ਬਣਾਉਣ ਲਈ ਜ਼ੋਰ ਲਗਾਉਣਗੇ PM ਅਲਬਾਨੀਜ਼

ਆਸਟ੍ਰੇਲੀਆ 'ਚ ਚੋਣਾਂ ਦੀ ਮਿਤੀ ਦਾ ਐਲਾਨ ਹੋ ਗਿਆ ਹੈ, ਜਿੱਥੇ ਹੁਣ 3 ਮਈ ਨੂੰ ਆਮ ਚੋਣਾਂ ਲਈ ਵੋਟਿੰਗ ਹੋਵੇਗੀ।

ਇਨ੍ਹਾਂ ਚੋਣਾਂ 'ਚ ਵਧਦੀ ਜਾ ਰਹੀ ਮਹਿੰਗਾਈ ਅਤੇ ਲੋਕਾਂ ਦੇ ਰਹਿਣ ਲਈ ਘਰਾਂ ਦੀ ਕਮੀ ਮੁੱਖ ਚੋਣ ਮੁੱਦੇ ਹੋ ਸਕਦੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੀ ਖੱਬੇ-ਪੱਖੀ 'ਲੇਬਰ ਪਾਰਟੀ' ਲਗਾਤਾਰ ਦੂਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਅਲਬਾਨੀਜ਼ ਨੇ ਸ਼ੁੱਕਰਵਾਰ ਨੂੰ ਚੋਣ ਪ੍ਰਕਿਰਿਆ ਸ਼ੁਰੂ ਕਰਨ ਲਈ ਗਵਰਨਰ ਜਨਰਲ ਸੈਮ ਮੋਸਟਿਨ ਦੇ ਸਰਕਾਰੀ ਨਿਵਾਸ ਸਥਾਨ 'ਤੇ ਜਾ ਕੇ ਕੰਮ ਕੀਤਾ ਅਤੇ ਬਾਅਦ ਵਿੱਚ ਸੰਸਦ ਭਵਨ ਵਿਖੇ ਇੱਕ ਨਿਊਜ਼ ਕਾਨਫਰੰਸ ਦੌਰਾਨ ਚੋਣ ਮਿਤੀ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ, "ਸਾਡੀ ਸਰਕਾਰ ਨੇ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਲਈ ਆਸਟ੍ਰੇਲੀਆਈ ਤਰੀਕਾ ਚੁਣਿਆ ਹੈ : ਭਵਿੱਖ ਲਈ ਨਿਰਮਾਣ ਕਰਦੇ ਹੋਏ ਲੋਕਾਂ ਨੂੰ ਰਹਿਣ-ਸਹਿਣ ਦੇ ਖਰਚਿਆਂ ਦੇ ਦਬਾਅ ਨਾਲ ਨਜਿੱਠਣ ਵਿੱਚ ਮਦਦ ਕਰਨਾ।"

ਕਈ ਵਿਸ਼ਲੇਸ਼ਕਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਵਿਰੋਧੀ ਧਿਰ ਦੇ ਨੇਤਾ ਪੀਟਰ ਡੱਟਨ ਦੀ



ਲਿਬਰਲ ਪਾਰਟੀ ਦੀ ਅਗਵਾਈ ਵਾਲਾ ਕੰਜ਼ਰਵੇਟਿਵ ਗੱਠਜੋੜ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਕਰੇਗਾ।

ਅਲਬਾਨੀਜ਼ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਆਸਟ੍ਰੇਲੀਆ ਵਿੱਚ ਮਹਿੰਗਾਈ ਕਾਫ਼ੀ ਵਧ ਗਈ ਹੈ ਤੇ ਲੋਕਾਂ ਦੇ ਰਹਿਣ-ਸਹਿਣ ਦਾ ਖਰਚਾ ਵੀ ਵਧ ਗਿਆ ਹੈ।

ਪਿਛਲੀਆਂ ਚੋਣਾਂ ਤੋਂ ਬਾਅਦ ਵਿਆਜ ਦਰਾਂ 12 ਵਾਰ ਵਧਾਈਆਂ ਗਈਆਂ ਹਨ।

ਅਲਬਾਨੀਜ਼ ਨੇ 2023 ਵਿੱਚ ਪੰਜ ਸਾਲਾਂ ਵਿੱਚ 1.2 ਮਿਲੀਅਨ ਘਰ ਬਣਾ ਕੇ ਘਰਾਂ ਦੀ ਘਾਟ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਪਰ ਇਸ ਦਿਸ਼ਾ ਵਿੱਚ ਤਰੱਕੀ ਕਾਫ਼ੀ ਹੌਲੀ ਰਹੀ ਹੈ।


Rubal Singh
Ray White





No. 1
RAY WHITE MANUKAU
2020-2021

Rubal Singh
021 333 350
rubal.singh@raywhite.com
www.rubalsingh.co.nz
Ray White Manukau | AT Realty Limited Licensed (REAA 2008)


## ਮੈਲਬੌਰਨ 'ਚ ਕਾਰ ਦੀ ਟੱਕਰ 'ਚ ਦੋ ਕਿਸ਼ੋਰਾਂ ਦੀ ਮੌਤ







ਸਿਡਨੀ- ਆਸਟ੍ਰੇਲੀਆਈ ਸੂਬੇ ਵਿਕਟੋਰੀਆ ਦੀ ਪੁਲਸ ਨੇ ਐਤਵਾਰ ਨੂੰ ਦੱਸਿਆ ਕਿ ਦੱਖਣ-ਪੂਰਬੀ ਮੈਲਬੌਰਨ ਵਿੱਚ ਇੱਕ ਚੋਰੀ ਦੀ ਕਾਰ ਦੇ ਦਰੱਖਤ ਨਾਲ ਟਕਰਾਉਣ ਕਾਰਨ ਦੋ ਕਿਸ਼ੋਰਾਂ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਇੱਕ ਡਰਾਈਵਰ ਨੇ ਐਤਵਾਰ ਨੂੰ ਸਥਾਨਕ ਸਮੇਂ ਅਨੁਸਾਰ ਸਵੇਰੇ 02:30 ਵਜੇ ਤੋਂ ਬਾਅਦ ਕੇਂਦਰੀ ਮੈਲਬੌਰਨ ਤੋਂ 28 ਕਿਲੋਮੀਟਰ ਦੱਖਣ-ਪੂਰਬ ਵਿੱਚ ਰੋਵਿਲ ਵਿੱਚ ਹਾਦਸੇ ਵਾਲੀ ਥਾਂ ਦੇਖੀ ਅਤੇ ਅਧਿਕਾਰੀਆਂ ਨੂੰ ਸੂਚਿਤ ਕੀਤਾ।

ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚੀਆਂ ਅਤੇ ਉਨ੍ਹਾਂ ਨੂੰ ਗੱਡੀ ਵਿੱਚ ਦੋ ਕਿਸ਼ੋਰ ਮ੍ਰਿਤਕ ਮਿਲੇ, ਜਿਨ੍ਹਾਂ ਦੀ ਅਜੇ ਤੱਕ ਰਸਮੀ ਤੌਰ 'ਤੇ ਪਛਾਣ ਨਹੀਂ ਹੋ ਸਕੀ ਹੈ। ਪੁਲਸ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਹਾਦਸੇ ਵਿੱਚ ਸ਼ਾਮਲ ਕਾਰ ਰਾਤ ਨੂੰ ਗੁਆਂਢੀ ਸ਼ਹਿਰ ਤੋਂ ਚੋਰੀ ਹੋਈਆਂ ਦੋ ਗੱਡੀਆਂ ਵਿੱਚੋਂ ਇੱਕ ਸੀ। ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz



"Waheguru Ji Ka Khalsa, Waheguru Ji Ki Fateh

My warmest wishes to all readers of Mehak E Wattan International as you celebrate Vaisakhi. This festival is important to the Sikh community both as a celebration of the spring harvest, and as a time to acknowledge key events in the development of Sikh identity and culture.

I hope that this is a special and happy time for you, your family, and the whole community. As an important part of our community in Aotearoa/New Zealand, many other New Zealanders join the Sikh community in celebrating Vaisakhi. My best wishes for health, happiness, and good fortune in the year ahead.

Happy Vaisakhi!

**Michael Wood**
**022-659-6360**



ਸਤਿ ਸ਼੍ਰੀ ਅਕਾਲ ਜੀ

ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਬੁਲਾਰੇ ਅਤੇ ਸੈਂਟਰਲ ਸਿੱਖ ਸੁਸਾਇਟੀ ਐਸ਼ੋਸੀਏਸ਼ਨ ਪ੍ਰਧਾਨ ਸਰਦਾਰ ਦਲਜੀਤ ਸਿੰਘ ਵੱਲੋਂ ਪੂਰੇ ਸਿੱਖ ਭਾਈਚਾਰੇ, ਮਹਿਕ ਏ ਵਤਨ ਦੀ ਸਮੁੱਚੀ ਸਮੂਹ ਸੰਗਤ ਅਤੇ ਸਮੂਹ ਨਗਰ ਨਿਵਾਸੀਆਂ ਨੂੰ ਖਾਲਸੇ ਦੇ ਜਨਮ ਦਿਨ ਦੀਆਂ ਮੁਬਾਰਕਾਂ।

ਨਵੇਂ ਦੌਰ ਨਵੇਂ ਯੁਗ ਦੀ ਸ਼ੁਰੂਆਤ ਸੱਚ ਤੇ ਕਰਤੱਵ ਸਦਾ ਹੋਵੇ ਸਾਥ, ਵੈਸਾਖੀ ਦਾ ਇਹ ਸੁੰਦਰ ਤਿਓਹਾਰ ਸਦਾ ਯਾਦ ਦਵਾਉਂਦਾ ਹੈ ਇਹ ਪਾਠ

ਇਹ ਤਿਓਹਾਰ ਹਮੇਸ਼ਾ ਲਈ ਖੜ੍ਹੇ ਹੋਣ, ਬੋਲਣ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਦੀ ਯਾਦ ਦਿਵਾਉਂਦਾ ਹੈ।ਇਹ ਵਿਸਾਖੀ ਹਰ ਇੱਕ ਲਈ ਖੁਸ਼ੀਆਂ ਭਰੀ ਹੋਵੇ।"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।



Lali Ranvir Singh JP Justice of the Peace Independent Marriage Celebrant, General Secretary Supreme Sikh Society of New Zealand ਵੱਲੋਂ ਮਹਿਕ ਏ ਵਤਨ ਇੰਟਰਨੈਸ਼ਨਲ ਦੇ ਸਾਰੇ ਪਾਠਕਾਂ ਅਤੇ ਸਿੱਖ ਭਾਈਚਾਰੇ ਦੀਆਂ ਸਮੂਹ ਸੰਗਤਾਂ ਨੂੰ ਖਾਲਸਾ ਪੰਥ ਦੀ ਸਾਜਨਾ ਅਤੇ ਵਿਸਾਖੀ ਦੇ ਤਿਉਹਾਰ ਦੀਆਂ ਲੱਖ ਲੱਖ ਵਧਾਈਆਂ ਹੋਣ। ਵਾਹਿਗੁਰੂ ਜੀ ਸਭ ਰੂਹਾਂ ਨੂੰ ਖੁਸ਼ੀਆਂ ਅਤੇ ਲੰਬੀਆਂ ਉਮਰਾਂ ਬਖਸ਼ਣ।ਵਿਸਾਖੀ ਦੇ ਇਸ ਪਵਿੱਤਰ ਤਿਉਹਾਰ ਦੀ ਸਭ ਨੂੰ ਬਖਸ਼ਿਸ਼ ਕਰੋ। ਨਿਊਜ਼ੀਲੈਂਡ ਦੇ ਹੋਰ ਬਹੁਤ ਸਾਰੇ ਲੋਕ ਵਿਸਾਖੀ ਮਨਾਉਣ ਵਿੱਚ ਸਿੱਖ ਭਾਈਚਾਰੇ ਨਾਲ ਜੁੜਨਗੇ। ਵਾਹਿਗੁਰੂ ਜੀ ਸਭ ਦੀ ਜਿੰਦਗੀ ਖੁਸ਼ੀਆਂ ਨਾਲ ਭਰਨ ।ਵਾਹਿਗੁਰੂ ਜੀ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਤੇ ਆਪਣਾ ਇਲਾਹੀ ਪਿਆਰ ਅਤੇ ਅਸੀਸ ਬਖਸ਼ਣ।



ਕੁਲਵਿੰਦਰ ਸਿੰਘ ਝੱਮਟ **QSM** ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਅਤੇ ਸਿੱਖ ਭਾਈਚਾਰੇ ਦੀਆਂ ਸਮੂਹ ਸੰਗਤਾਂ ਨੂੰ ਵਿਸਾਖੀ ਅਤੇ ਖਾਲਸਾ ਪੰਥ ਦੀ ਸਾਜਨਾ ਦਿਵਸ ਦੀਆਂ ਬਹੁਤ- ਬਹੁਤ ਵਧਾਈਆਂ। ਇਹ ਵਿਸਾਖੀ ਹਰ ਇੱਕ ਲਈ ਖੁਸ਼ੀਆਂ ਭਰੀ ਹੋਵੇ।

ਸੁਨਹਿਰੀ ਸੂਰਜ ਦੀ ਬਾਰਸ਼ ਤੋਂ ਬਾਅਦ,
ਥੋੜੀ ਜਿਹੀ ਖੁਸ਼ੀ ਹਰ ਗੱਲ ਤੋਂ ਬਾਦ
ਓਸੇ ਤਰਾਂ ਮੁਬਾਰਕ ਹੋਵੇ ਤੁਹਾਨੂੰ ਆ
ਨਵੀਂ ਸਵੇਰ ਕਲ ਰਾਤ ਤੋਂ ਬਾਅਦ,
ਵਿਸਾਖੀ ਮੁਬਾਰਕ!


Harcourts Northwest Realty
Northwest Realty Licensed under REAA 2008
4 BRAND-NEW, STANDALONE HOMES
AVAILABLE NOW!
224 WALTER STREVENS DRIVE
TAKE YOUR PICK! FOUR STUNNING, EXECUTIVE-STYLE HOMES ,
CRAFTED TO PERFECTION IN CONIFER GROVE - ONE OF
AUCKLAND'S MOST DESIRABLE COMMUNITIES.
READY TO MAKE A MOVE? 022 500 7722
PRAB SINGH

Mehak E wattan
Fortnightly Newspaper
•Issue-04 • April 2025
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

### ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

**ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**



ਖ਼ਾਲਸਾ ਰਾਜ ਵਿਚ ਸਿੱਖਾਂ ਅਤੇ ਮੁਸਲਮਾਨਾਂ ਵਿੱਚ ਐਨੇ ਨਜ਼ਦੀਕੀ ਧਾਰਮਿਕ ਮੇਲ ਦੇ ਹੁੰਦਿਆਂ ਹੋਇਆਂ ਸਿੱਖਾਂ ਨੂੰ ਕਾਫ਼ਰ ਕਹਿਣ ਵਾਲੇ ਤੁਸੀਂ ਫ਼ਕੀਰ ਸਾਹਿਬ ਤੋਂ ਕੁਰਾਨ ਸ਼ਰੀਫ਼ ਦਾ ਹੁਕਮ ਆਪ ਹੀ ਪੁੱਛ ਲਵੋ ਕਿਉਂਕਿ ਉਹ ਕੁਰਾਨ ਦੇ ਹਾਫ਼ਿਜ ਹਨ। ਇਸ ਪਰ ਪਠਾਣਾਂ ਦੇ ਮੁਖੀ ਖ਼ਾਨਾਂ ਨੇ ਫ਼ਕੀਰ ਤੋਂ ਫ਼ਿਤਵਾ ਪੁੱਛਿਆ। ਆਪ ਨੇ ਉਨ੍ਹਾਂ ਨੂੰ ਦੱਸਿਆ ਕਿ ਕਲਾਮ ਅੱਲ੍ਹਾ ਵਿਚ ਸਪਸ਼ਟ ਜ਼ਿਕਰ ਹੈ ਕਿ ਜੇ ਮੁਸਲਮਾਨ ਕਿਸੇ ਵਾਹਦਾਨੀਅਤ ਦੇ ਉਪਾਸ਼ਕ ਨੂੰ ਕਾਫ਼ਰ ਕਹਿੰਦਾ ਹੈ, ਉਹ ਖਰਾਜਉਲ ਇਸਲਾਮ ਹੋ ਜਾਂਦਾ ਹੈ। ਸਿੱਖਾਂ ਦੇ ਵਿਰੁੱਧ ਜਹਾਦ ਦਾ ਫ਼ਿਤਵਾ ਦੇਣਾ ਕੁਰਾਨ ਕਰੀਮ ਦੀ ਤਾਲੀਮ ਅਨੁਸਾਰ ਸੋਲਾਂ ਆਨੇ ਗ਼ਲਤ ਹੈ ਅਤੇ ਇਸ ਨਾਜਇਜ਼ ਫ਼ਿਤਵੇ ਨੂੰ ਮੰਨ ਕੇ ਜਹਾਦ ਵਿਚ ਜੋ ਕੋਈ ਉਸ ਦੀ ਸਹਾਇਤਾ ਕਰਦਾ ਹੈ, ਉਸ ਦੇ ਈਮਾਨ ਨੂੰ ਖ਼ੁਦ ਖ਼ਤਰਾ ਹੈ। ਫ਼ਕੀਰ ਸਾਹਿਬ ਨੇ ਇਨ੍ਹਾਂ ਨੂੰ ਇਹ ਵੀ ਦੱਸਿਆ ਕਿ ਅਹਿਮਦ ਸ਼ਾਹ ਬਰੇਲਵੀ ਅਤੇ ਉਸ ਦੇ ਹਿੰਦੁਸਤਾਨੀ ਸਾਥੀ ਵਹਾਬੀ ਮਤ ਦੇ ਹਨ। ਇਹ ਫਿਰਕਾ ਮੁਹੰਮਦ ਅਲੈਸਲਾਮ ਦੀ ਰਸਾਤਲ ਨਹੀਂ ਮੰਨਦੇ। ਇਹ ਅਬਦੁਲ ਵਹਾਬੀ ਨਜਦੀ ਨੂੰ ਆਪਣਾ ਪੈਗ਼ੰਬਰ ਤੇ ਸ਼ਾਫੀ ਮੰਨਦੇ ਹਨ। ਇਹ ਲੋਕ ਨਾ-ਕੇਵਲ ਮੁਹੰਮਦ ਸਾਹਿਬ ਨੂੰ ਛੇਕੜਲਾ ਪੈਗ਼ੰਬਰ ਹੀ ਨਹੀਂ ਮੰਨਦੇ ਸਗੋਂ ਉਸ ਦੀ ਜ਼ਿਆਰਤ ਅਤੇ ਉਸ ਦੇ ਮੁਕੱਦਸ ਚਿੰਨ੍ਹਾਂ ਦਾ ਵੀ ਸਤਿਕਾਰ ਨਹੀਂ ਕਰਦੇ। ਇਹ ਦੁਆ ਦੇ ਫਲ ਤੋਂ ਇਨਕਾਰੀ ਹਨ ਅਤੇ ਕੁਰਬਾਨੀ ਨੂੰ ਇਕ ਵਾਧੂ ਕੰਮ ਸਮਝਦੇ ਹਨ। ਇਹ ਹਦੀਸ ਸ਼ਰੀਫ਼ ਨੂੰ ਪਰਮਾਣਿਕ ਨਹੀਂ ਸਮਝਦੇ ਅਤੇ ਤਸਬੀ ਫੇਰਨ ਵਾਲਿਆਂ ਨਾਲ ਮਸਖਰੀਆਂ ਕਰਦੇ ਹਨ। ਇਹ ਆਪ ਮੁਸਲਿਮ ਅਸੂਲਾਂ ਦੇ ਪਾਬੰਦ ਨਹੀਂ। ਇਹ ਬਿਨਾਂ ਵਹਾਬੀ ਫ਼ਿਰਕੇ ਦੇ ਦੂਜਿਆਂ ਨੂੰ ਸੱਚੇ ਮੁਸਲਿਮ ਨਹੀਂ ਮੰਨਦੇ, ਆਦਿ। ਇਹ ਹੈ ਇਸ ਬਰੇਲਵੀ ਖ਼ਲੀਫ਼ੇ ਦੀ ਅਸਲ ਮੂਰਤ ਜਿਸ ਨੇ ਆਪ ਵਰਗੇ ਬਹਾਦਰ ਸੂਰਮਿਆਂ ਨੂੰ ਆਪਣਾ ਗ਼ੁਲਾਮ ਬੇਦਾਮ ਬਣਾਇਆ ਹੋਇਆ ਹੈ।

## ਬਰੇਲਵੀ ਖ਼ਲੀਫ਼ੇ ਦੀ ਜਹਾਦੀ ਲਹਿਰ ਦਾ ਅੰਤ

ਪਠਾਣ ਆਗੂਆਂ ਤੇ ਮੁਲਾਣਿਆਂ ਜਦ ਸ਼ਹਿਜ਼ਾਦਾ ਸਾਹਿਬ ਅਤੇ ਫ਼ਕੀਰ ਜੀ ਦੇ ਮੂੰਹ ਤੋਂ ਖ਼ਲ਼ੀਫ਼ੇ ਦੀ ਹਕੀਕਤ ਸੁਣੀ ਤਾਂ ਉਹ ਅਸਚਰਜ ਰਹਿ ਗਏ। ਉਨ੍ਹਾਂ ਸ਼ਹਿਜ਼ਾਦੇ ਸਾਹਮਣੇ ਸਾਫ਼-ਸਾਫ਼ ਮੰਨਿਆ ਕਿ ਉਨ੍ਹਾਂ ਨੂੰ ਆਪ - ਸਵਾਰਥੀ ਲੋਕਾਂ ਨੇ ਖਿਡੌਣਾ ਬਣਾਈ ਰੱਖਿਆ ਹੈ ਅਤੇ ਅੱਜ ਦੇ ਦਿਨ ਦੇ ਉਪਰੰਤ ਸਾਨੂੰ ਕੋਈ ਨਹੀਂ ਠੱਗ ਸਕੇਗਾ। ਹੁਣ ਅਸੀਂ ਆਪਣੇ ਆਪ ਨੂੰ ਤੇ ਆਪਣੀ ਕੌਮ ਨੂੰ ਇਨ੍ਹਾਂ ਦੀ ਪੰਜਾਲੀ ਤੋਂ ਸੁਤੰਤਰ ਕਰਾ ਕੇ ਦਮ ਲਵਾਂਗੇ। ਸੱਯਦ ਦੇ ਕੁਝ ਕੁ ਨਾਮੀ ਪਠਾਣ ਮੁਰੀਦਾਂ ਦੇ ਸਹਾਇਕਾਂ ਤਾਂ ਉਥੇ ਹੀ ਸ਼ਹਿਜ਼ਾਦੇ ਦੀ ਹਜ਼ੂਰੀ ਵਿਚ ਆਪਣੇ ਕੰਨਾਂ ਨੂੰ ਹੱਥ ਲਾ ਕੇ ਉਸ ਦੀ ਮੁਰੀਦੀ ਤੋਂ ਤੋਬਾ ਕੀਤੀ, ਜਿਨ੍ਹਾਂ ਵਿਚੋਂ ਕੁਝ ਕੁ ਦੇ ਨਾਮ ਇਹ ਹਨ : ਫ਼ਤਹ ਖ਼ਾਨ ਪੰਜਤਾਰੀ, ਖਾਦੀ ਖ਼ਾਨ ਰਈਸ ਹੰਡ, ਨਸਰੁੱਲਾ ਖ਼ਾਨ ਅਮਾਜ਼ਈ, ਸੁਲਤਾਨ ਮੁਹੰਮਦ ਖ਼ਾਨ ਅਤੇ ਅਮੀਰ ਖ਼ਾਨ ਖੁਦੂ ਖੇਲ ਨੇ ਉਸ ਦੀ ਖ਼ਿਲਾਫ਼ਤ ਤੋਂ ਇਨਕਾਰ ਕਰ ਦਿੱਤਾ।[1]

ਸ਼ਹਿਜ਼ਾਦਾ ਸਾਹਿਬ ਨੇ ਜਦ ਦੇਖਿਆ ਕਿ ਉਨ੍ਹਾਂ ਦੀ ਕਥਨੀ ਦਾ ਪਠਾਣਾਂ ਪਰ ਪੂਰਾ-ਪੂਰਾ ਪ੍ਰਭਾਵ ਪਿਆ ਹੈ ਤਾਂ ਇਸ ਸਮੇਂ ਆਪ ਨੇ ਬਹੁਮੁੱਲੀਆਂ ਖ਼ਿਲ਼ਤਾਂ ਅਤੇ ਖੁੱਲ੍ਹੀ ਮਾਇਆ ਦੇ ਗੱਫੇ ਇਨ੍ਹਾਂ ਨੂੰ ਬਖ਼ਸ਼ੇ।[2]

ਸ਼ਹਿਜ਼ਾਦਾ ਸਾਹਿਬ ਨੇ ਇਨ੍ਹਾਂ ਮੁਖੀਆਂ ਨੂੰ ਇਸ ਗੱਲ ਵੱਲ ਵੀ ਧਿਆਨ ਦਿਵਾਇਆ ਕਿ ਕਦੇ ਆਪ ਲੋਕ ਯੋਗ ਸਮਝੋ ਤਾਂ ਕੁਝ ਪਤਵੰਤੇ, ਮੌਲਵੀ ਤੇ ਸਿਆਣੇ ਕਵੀ ਉੱਚੀਆਂ ਤਲਬਾਂ ਪਰ ਨੌਕਰ ਰੱਖ ਲਵੋ ਤਾਂ ਕਿ ਉਹ ਸਰਬ ਸਾਧਾਰਣ ਦੇ ਮਨਾਂ ਵਿਚੋਂ ਸਿੱਖਾਂ ਬਾਰੇ ਭੁਲੇਖਾ ਨਵਿਰਤ ਕਰ ਦੇਣ। ਦੂਜਾ ਨਾਲ ਹੀ ਇਨ੍ਹਾਂ ਵਹਾਬੀਆਂ ਦੀ ਅਸਲ ਮੂਰਤ ਉਨ੍ਹਾਂ ਦੇ ਸਾਹਮਣੇ ਰੱਖਣ। ਇਨ੍ਹਾਂ ਦਾ ਖ਼ਰਚ ਸਰਕਾਰ ਵਲੋਂ ਦਿੱਤਾ ਜਾਏਗਾ। ਇਸ ਦੇ ਉੱਤਰ ਵਿਚ ਇਨ੍ਹਾਂ ਖ਼ਾਨਾਂ ਆਖਿਆ ਕਿ ਸ਼ਹਿਜ਼ਾਦਾ ਸਾਹਿਬ, ਹੁਣ ਸਾਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ, ਸਰਕਾਰ ਦਾ ਥਾਪੜਾ ਸਾਡੀ ਪਿੱਠ ਪਰ ਚਾਹੀਦਾ ਹੈ। ਖ਼ੁਦਾ ਪਾਕ ਸਾਰੇ ਕੰਮ ਰਾਸ ਕਰੇਗਾ, ਅਸੀਂ ਆਪਣੇ ਭਾਈਆਂ ਵਿਚ ਕੰਮ ਕਰਨ ਦੇ ਢੰਗ ਆਪ ਚੰਗੀ ਤਰ੍ਹਾਂ ਜਾਣਦੇ ਹਾਂ। ਸਾਡੇ ਕੀਤੇ ਦਾ ਫ਼ਲ ਬਹੁਤ ਛੇਤੀ ਆਪ ਦੇ ਸਾਹਮਣੇ ਪ੍ਰਤੱਖ ਆ ਜਾਏਗਾ।

ਇਸ ਦੇ ਉਪਰੰਤ ਇਹ ਮੁਖੀਏ ਸ਼ਹਿਜ਼ਾਦਾ ਸਾਹਿਬ ਤੋਂ ਮਾਇਆ ਆਦਿ ਪ੍ਰਾਪਤ ਕਰਕੇ ਆਪਣੇ ਪਿੰਡਾਂ ਵਿਚ ਖਿੱਲਰ ਗਏ ਅਤੇ ਆਪੋ-ਆਪਣੇ ਪਰਗਨੇ ਦੇ ਭਾਈ-ਬੰਦਾਂ ਦੇ ਜਿਰਗੇ ਇਕੱਠੇ ਕਰਕੇ ਉਨ੍ਹਾਂ ਨੂੰ ਦੱਸਦੇ ਕਿ ਇਸ ਬਣਾਵਟੀ ਖ਼ਲੀਫ਼ੇ ਦੀ ਖ਼ਲਾਫ਼ਤ (ਪੈਗ਼ੰਬਰੀ) ਤਾਂ ਇਕ ਪਾਸੇ ਰਹੀ, ਇਸ ਨੂੰ ਮੁਸਲਮਾਨ ਸਦਾਵਣ ਦਾ ਵੀ ਅਧਿਕਾਰ ਨਹੀਂ। ਇਹ ਵਹਾਬੀ ਹੈ, ਜਿਨ੍ਹਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਇਸਲਾਮ ਦੇ ਟਾਕਰੇ ਪਰ ਆਪਣਾ ਇਕ ਨਵਾਂ ਫ਼ਿਰਕਾ ਤੋਰਿਆ ਹੋਇਆ ਹੈ। ਇਨ੍ਹਾਂ ਦਾ ਕੋਈ ਕੰਮ ਇਸਲਾਮੀ ਅਸੂਲਾਂ ਨਾਲ ਸੰਬੰਧ ਨਹੀਂ ਰੱਖਦਾ। ਇਹ ਸਾਡੇ ਭਾਈਆਂ ਦੀਆਂ ਕੁਰਬਾਨੀਆਂ ਦੇ ਕੇ ਆਪਣੇ ਲਈ ਹਕੂਮਤ ਸਥਾਪਤ ਕਰਨ ਦਾ ਭੁੱਖਾ ਹੈ, ਆਦਿ।

ਇਸ ਸਿੱਧੇ-ਸਾਧੇ ਪ੍ਰਚਾਰ ਦਾ ਪਠਾਣਾਂ ਦੇ ਸਾਫ਼ ਮਨਾਂ ਪਰ ਜਾਦੂ ਦਾ ਭਾਸ ਪਿਆ। ਹੁਣ ਇਨ੍ਹਾਂ ਦੀਆਂ ਕੀਤੀਆਂ ਭੁੱਲਾਂ ਸਪੱਸ਼ਟ ਰੂਪ ਵਿਚ ਇਨ੍ਹਾਂ ਦੇ ਸਾਹਮਣੇ ਆਣ ਖੜੋਤੀਆਂ। ਇਹ ਸਾਰੇ ਇਸ ਗੱਲ ਨੂੰ ਮੰਨ ਗਏ ਕਿ ਇਸ ਬਾਹਰ ਦੇ ਆਦਮੀ ਨੇ ਇਥੇ ਆ ਕੇ ਆਪਣੇ ਮਤਲਬ ਲਈ ਇਨ੍ਹਾਂ ਨੂੰ ਕਿੰਨਾ ਅਯੋਗ ਵਰਤਿਆ ਹੈ। ਸੈਂਕੜੇ ਜੋਸ਼ੀਲੇ ਪਠਾਣਾਂ ਦੇ ਜੀਵਨ ਲੜਾਈਆਂ ਵਿਚ ਨਾਸ ਕੀਤੇ ਹਨ। ਇਥੋਂ ਦੇ ਲੋਕਾਂ ਦੀਆਂ ਧੀਆਂ ਨੂੰ ਬਦੋ-ਬਦੀ ਫੜ ਕੇ ਆਪਣੇ ਹਿੰਦੁਸਤਾਨੀ ਵਹਾਬੀਆਂ ਨੂੰ ਵਿਆਹ ਦਿੰਦਾ ਰਿਹਾ ਹੈ।[1] ਹੁਣ ਇਸ ਦਾ ਇਕੋ ਉਪਾਅ ਹੈ ਕਿ ਇਸ ਇਸਲਾਮ ਦੇ ਵੈਰੀ ਨੂੰ, ਸਣੇ ਇਸਦੇ ਵਹਾਬੀ ਸਾਥੀਆਂ ਦੇ ਮੁਕਾ ਦਿੱਤਾ ਜਾਏ। ਹੋਰ ਕਿਸੇ ਤਰ੍ਹਾਂ ਸਾਡਾ ਛੁਟਕਾਰਾ ਇਸ ਤੋਂ ਨਹੀਂ ਹੋਣਾ। ਇਨ੍ਹਾਂ ਖ਼ਿਆਲਾਂ ਨੂੰ ਵਰਤੋਂ ਦੇ ਕੱਪੜੇ ਪੁਆਉਣ ਲਈ ਯੁਸਫ਼ ਜ਼ਈਆਂ ਦੇ ਪਠਾਣ ਆਗੂਆਂ ਦਾ ਮੌਜ਼ਾ 'ਹੰਡ' ਦਰਿਆ ਅਟਕ ਦੇ ਕੰਢੇ ਇਕ ਇਕੱਠ ਹੋਇਆ, ਜਿਸ ਵਿਚ ਸਭ ਨੂੰ ਕੁਰਾਨ ਪਰ ਹੱਥ ਰਖਵਾ ਕੇ ਕਸਮਾਂ ਦਿੱਤੀਆਂ ਗਈਆਂ ਕਿ ਅੱਜ ਜੋ ਇਥੇ ਵਿਚਾਰਾਂ ਕੀਤੀਆਂ ਜਾਣ ਇਹ ਸਭ ਉਸ ਸਮੇਂ ਤੱਕ ਆਪਣੇ ਗੋਚਰੀਆਂ ਅਮਾਨਤ ਰੱਖੀਆਂ ਜਾਣ ਜਦ ਤੱਕ ਸੰਪੂਰਨ ਨਾ ਹੋ ਜਾਣ। ਲੰਮੀ ਵਿਚਾਰ ਦੇ ਉਪਰੰਤ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਇਕੋ ਰਾਤ ਅਤੇ ਇਕੋ ਸਮੇਂ ਸੱਯਦ ਅਹਿਮਦ, ਨਕਲੀ ਖ਼ਲੀਫ਼ਾ ਅਤੇ ਉਸ ਦੇ ਸਾਰੇ ਸਾਥੀਆਂ ਨੂੰ ਤਲਵਾਰ ਦੀ ਧਾਰ ਤੋਂ ਪਾਰ ਕਰ ਦਿੱਤਾ ਜਾਏ। ਉਨ੍ਹਾਂ ਦਾ ਪਿੱਛੇ ਰਿਹਾ ਧਨ, ਪਦਾਰਥ ਅਤੇ ਉਨ੍ਹਾਂ ਦੀਆਂ ਤੀਵੀਆਂ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਜਾਏ। ਸਾਡੇ ਲਈ ਵਹਾਬੀ ਖ਼ਲੀਫ਼ੇ ਦੀ ਹਕੂਮਤ ਨਾਲੋਂ ਵਾਹਿਦਤ-ਪ੍ਰਸਤ ਤੇ ਖੁੱਲ੍ਹ-ਦਿਲੇ ਖ਼ਾਲਸੇ ਦਾ ਰਾਜ ਹਜ਼ਾਰ ਗੁਣਾਂ ਲਾਭਦਾਇਕ ਹੈ। ਇਸ ਤੋਂ ਬਾਅਦ ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਹਰ ਇਕ ਖ਼ਾਨ ਨੇ ਆਪਣੇ ਸੰਬੰਧੀਆਂ ਤੇ ਕਬੀਲੇ ਵਿਚੋਂ ਭਰੋਸੇ ਯੋਗ 25-25 ਜਵਾਨ ਚੁਣ ਲਏ ਅਤੇ ਇਹ ਕਾਰਜ ਉਨ੍ਹਾਂ ਨੂੰ ਸੌਂਪ ਦਿੱਤਾ। 30 ਦਸੰਬਰ ਸੰਨ 1830 ਦੀ ਸਵੇਰ ਦਾ ਨਮਾਜ਼ ਦਾ ਸਮਾਂ ਇਨ੍ਹਾਂ ਨੂੰ ਸਦਾ ਲਈ ਮੁਕਾ ਦੇਣ ਲਈ ਨੀਯਤ ਕੀਤਾ ਗਿਆ ਤੇ ਫ਼ੈਸਲਾ ਇਹ ਹੋਇਆ ਕਿ ਇੱਕ-ਇੱਕ ਦੇ ਘਰ ਜਾ ਕੇ ਮਾਰਨ ਨਾਲੋਂ ਜਦ ਇਹ ਪਿੰਡਾਂ ਵਿਚ ਨਮਾਜ਼ ਲਈ ਮਸੀਤਾਂ ਵਿਚ ਇੱਕਠੇ ਹੋਣ ਤਾਂ ਠੀਕ ਉਸੇ ਸਮੇਂ ਉਨ੍ਹਾਂ ਦੇ ਸਿਰ ਤਨਾਂ ਤੋਂ ਅੱਡ ਕਰ ਦਿੱਤੇ ਜਾਣ।[2]


ਇਸੇ ਸਮਝੌਤੇ ਅਨੁਸਾਰ ਇਸ ਕੰਮ ਨੂੰ ਥਾਊਂ ਥਾਈਂ ਇਕੋ ਸਮੇਂ ਅਰੰਭਣ ਲਈ ਇਕ ਨਿਸ਼ਾਨ ਨੀਯਤ ਕੀਤਾ ਗਿਆ ਕਿ ਯੂਸਫ਼ਜ਼ਈ ਦੇ ਪਹਾੜਾਂ ਦੀਆਂ ਚੋਟੀਆਂ ਪਰ ਬਾਲਣ ਵਾਲੀਆਂ ਲੱਕੜੀਆਂ ਦੇ ਢੇਰ ਇਕੱਠੇ ਕੀਤੇ ਜਾਣ ਅਤੇ ਸਵੇਰ-ਸਾਰ ਹੀ ਇਨ੍ਹਾਂ ਨੂੰ ਅੱਗ ਲਾ ਦਿੱਤੀ ਜਾਵੇ। ਇਨ੍ਹਾਂ ਦੀ ਰੌਸ਼ਨੀ ਤੋਂ ਭਾਵ ਇਹ ਹੋਏਗਾ ਕਿ ਇਸ ਸਮੇਂ ਆਪੋ ਆਪਣਿਆਂ ਪਿੰਡਾਂ ਤੇ ਮੁਹੱਲਿਆਂ ਦੀਆਂ ਮਸੀਤਾਂ ਵਿੱਚ ਨੌਜਵਾਨ ਪਹੁੰਚ ਜਾਣ ਅਤੇ ਇਸੇ ਘੁਸ-ਮੁਸੇ ਸਮੇਂ ਨਮਾਜ਼ ਦੇ ਆਰੰਭਦਿਆਂ ਹੀ ਵਹਾਬੀਆਂ ਪਰ ਹੱਲਾ ਬੋਲ ਦਿੱਤਾ ਜਾਏ। ਜਦ ਇਹ ਟੋਲੀਆਂ ਇਸ ਕਾਰਜ ਲਈ ਘਰਾਂ ਤੋਂ ਨਿਕਲ ਕੇ ਮਸੀਤਾਂ ਵੱਲ ਜਾਣ ਤਾਂ ਜੇ ਕੋਈ ਇਨ੍ਹਾਂ ਨੂੰ ਪੁੱਛੇ ਕਿ ਕਿੱਥੇ ਚੱਲੇ ਹੋ ਤਾਂ ਉਨ੍ਹਾਂ ਨੂੰ ਉੱਤਰ ਦਿੱਤਾ ਜਾਏ ਕਿ ਅਸੀਂ ਮਕਈ ਦੇ ਸਿੱਟੇ ਕੱਢਣ ਜਾਂਦੇ ਹਾਂ।[1] ਪਸ਼ਤੋ ਵਿਚ ਇਸ ਮੌਕੇ ਪਰ ਸ਼ਬਦ "ਵਗੀਟਕਾਵਲ" ਵਰਤਿਆ ਗਿਆ ਸੀ।[2]

ਇਸ ਤਰ੍ਹਾਂ ਜਿਹਾ ਕਿ ਅਸੀਂ ਉਪਰ ਲਿਖ ਆਏ ਹਾਂ ਕਿ 30 ਦਸੰਬਰ 1830 ਦੀ ਸਵੇਰ ਨੂੰ ਪਿੰਡ ਪਿੰਡ ਅਤੇ ਮਹੱਲੇ ਮਹੱਲੇ

(ਚਲਦਾ)

**ਪੇਸ਼ਕਸ਼:**
**ਹਰਦੇਵ ਬਰਾੜ**
**ਮੁੱਖ ਸੰਪਾਦਕ**




Fundmaster
Master Your Financial Future
ਖਾਲਸਾ ਪੰਥ ਦੀ ਸਾਜਨਾ ਅਤੇ ਵਿਸਾਖੀ ਦੇ ਤਿਉਹਾਰ ਦੀਆਂ ਸਭ ਨੂੰ ਲੱਖ ਲੱਖ ਵਧਾਈਆਂ
HAPPY
Vaisakhi
Let the spirit of Vaisakhi bring peace, joy, and laughter into your life. Celebrate with love and gratitude!
Dev Dhingra - CEO Fundmaster
0800 386 362
fundmaster.co.nz | deals@thefundmaster.co.nz
Mobile : 021 314 153 | 021 843 636
022 001 313 | 021 686 423






# ਜਲ੍ਹਿਆਂਵਾਲਾ ਬਾਗ ਕਤਲੇਆਮ ਬਾਰੇ ਬ੍ਰਿਟਿਸ਼ ਸਰਕਾਰ ਭਾਰਤੀ ਲੋਕਾਂ ਕੋਲੋਂ ਮੁਆਫ਼ੀ ਮੰਗੇ: ਬੌਬ ਬਲੈਕਮੈਨ



ਲੰਡਨ - 13 ਅਪ੍ਰੈਲ ਦਾ ਦਿਨ ਨਜ਼ਦੀਕ ਆ ਰਿਹਾ ਹੈ ਤੇ 1919 ਵਿੱਚ ਵਾਪਰੇ ਜਲ੍ਹਿਆਂਵਾਲਾ ਬਾਗ ਕਤਲੇਆਮ ਦੀਆਂ ਯਾਦਾਂ ਚੀਸਾਂ ਬਣ ਬਣ ਹਿਰਦੇ ਵਲੂੰਧਰਣ ਲਗਦੀਆਂ ਹਨ। ਵਿਸ਼ਵ ਪੱਧਰੀ ਸਿਆਸਤ ਵਿੱਚ ਵੀ ਇਸ ਘਟਨਾਕ੍ਰਮ ਦੀ ਚਰਚਾ ਹਰ ਸਾਲ ਆਪ ਮੁਹਾਰੇ ਹੀ ਚੱਲ ਪੈਂਦੀ ਹੈ। ਹੈਰੋਅ ਈਸਟ ਤੋਂ ਯੂ.ਕੇ ਦੇ ਕੰਜ਼ਰਵੇਟਿਵ ਮੈਂਬਰ ਪਾਰਲੀਮੈਂਟ ਬੌਬ ਬਲੈਕਮੈਨ ਨੇ ਕਿਹਾ ਕਿ ਉਨ੍ਹਾਂ ਮੰਗ ਕੀਤੀ ਹੈ ਕਿ ਬ੍ਰਿਟਿਸ਼ ਸਰਕਾਰ ਜਲ੍ਹਿਆਂਵਾਲਾ ਬਾਗ ਕਤਲੇਆਮ ਦੀ ਵਰ੍ਹੇਗੰਢ ’ਤੇ ਭਾਰਤ ਤੋਂ ਮੁਆਫ਼ੀ ਮੰਗੇ। ਬ੍ਰਿਟੇਨ ਦੀ ਸੰਸਦ ਵਿੱਚ ਬੋਲਦਿਆਂ ਉਨ੍ਹਾਂ ਨੇ 13 ਅਪ੍ਰੈਲ, 1919 ਦੀਆਂ ਘਟਨਾਵਾਂ ਨੂੰ ਯਾਦ ਕੀਤਾ ਅਤੇ ਕਿਹਾ ਕਿ “ਜਲ੍ਹਿਆਂਵਾਲਾ ਬਾਗ ਵਿੱਚ ਹੋਈ ਗੋਲੀਬਾਰੀ ਵਿੱਚ ਹਜ਼ਾਰਾਂ ਨਿਰਦੋਸ਼ ਨਾਗਰਿਕ ਮਾਰੇ ਗਏ ਅਤੇ ਜ਼ਖਮੀ ਹੋਏ ਸਨ। ਅੱਜ ਮੈਂ ਜਲ੍ਹਿਆਂਵਾਲਾ ਬਾਗ ਕਤਲੇਆਮ ਦਾ ਮੁੱਦਾ ਉਠਾਇਆ। ਮੈਂ ਸਰਕਾਰ ਨੂੰ ਅੱਤਿਆਚਾਰਾਂ ਦੀ ਵਰ੍ਹੇਗੰਢ ਤੋਂ ਪਹਿਲਾਂ ਭਾਰਤ ਦੇ ਲੋਕਾਂ ਤੋਂ ਰਸਮੀ ਤੌਰ ‘ਤੇ ਮੁਆਫ਼ੀ ਮੰਗਣ ਲਈ ਕਿਹਾ।“

ਐਕਸ ’ਤੇ ਜਾਰੀ ਇਕ ਵੀਡੀਓ ਵਿੱਚ ਬਲੈਕਮੈਨ ਨੂੰ ਇਹ ਕਹਿੰਦੇ ਹੋਏ ਦੇਖਿਆ ਗਿਆ ਕਿ 13 ਅਪ੍ਰੈਲ, 1919 ਨੂੰ ਜਨਰਲ ਡਾਇਰ ਨੇ ਬ੍ਰਿਟਿਸ਼ ਫੌਜਾਂ ਨੂੰ ਜਲ੍ਹਿਆਂਵਾਲਾ ਬਾਗ ਵਿੱਚ ਸ਼ਾਂਤੀਪੂਰਵਕ ਇਕੱਠੇ ਹੋਏ ਨਿਰਦੋਸ਼ ਨਾਗਰਿਕਾਂ ’ਤੇ ਗੋਲੀਬਾਰੀ ਕਰਨ ਦਾ ਹੁਕਮ ਦਿੱਤਾ। ਬ੍ਰਿਟਿਸ਼ ਫੌਜ ਦੀ ਤਰਫੋਂ ਜਨਰਲ ਡਾਇਰ ਨੇ ਆਪਣੀਆਂ ਫੌਜਾਂ ਨੂੰ ਨਿਰਦੋਸ਼ ਲੋਕਾਂ ’ਤੇ ਗੋਲੀਬਾਰੀ ਕਰਨ ਦਾ ਹੁਕਮ ਦਿੱਤਾ। ਇਹ ਕਤਲੇਆਮ ਓਨੀ ਦੇਰ ਚਲਦਾ ਰਿਹਾ ਜਦੋਂ ਤੱਕ ਉਨ੍ਹਾਂ ਕੋਲ ਗੋਲਾ ਬਾਰੂਦ ਖਤਮ ਨਹੀਂ ਹੋ ਗਿਆ। ਉਸ ਕਤਲੇਆਮ ਵਿੱਚ 1,500 ਲੋਕ ਮਾਰੇ ਗਏ ਅਤੇ 1,200 ਜ਼ਖਮੀ ਹੋ ਗਏ। ਬਲੈਕਮੈਨ ਨੇ ਕਿਹਾ, ‘‘2019 ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਮੰਨਿਆ ਸੀ ਕਿ ਇਹ ਘਟਨਾ ਭਾਰਤ ਵਿੱਚ ਬਰਤਾਨਵੀ ਬਸਤੀਵਾਦੀ ਸ਼ਾਸਨ ’ਤੇ ਇਕ ਦਾਗ ਸੀ।

ਉਨ੍ਹਾਂ ਇਸ ਕਤਲੇਆਮ ਨੂੰ ਬਰਤਾਨਵੀ ਬਸਤੀਵਾਦ ਦੇ ਇਤਿਹਾਸ ਵਿੱਚ ਸਭ ਤੋਂ ਬਦਨਾਮ ਅਤੇ ਸ਼ਰਮਨਾਕ ਘਟਨਾਵਾਂ ਵਿੱਚੋਂ ਇੱਕ ਦੱਸਿਆ।

ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਵਿੱਚ ਜਲ੍ਹਿਆਂਵਾਲਾ ਬਾਗ ਯਾਦਗਾਰ ਉਨ੍ਹਾਂ 2,000 ਭਾਰਤੀਆਂ ਦੀ ਯਾਦ ਵਿੱਚ ਹੈ, ਜਿਨ੍ਹਾਂ ਨੂੰ ਜਨਰਲ ਮਾਈਕਲ ਓ’ ਡਾਇਰ ਦੀ ਕਮਾਂਡ ਹੇਠ 13 ਅਪ੍ਰੈਲ 1919 ਨੂੰ ਇਕ ਸ਼ਾਂਤੀਪੂਰਵਕ ਜਨਤਕ ਮੀਟਿੰਗ ਵਿਚ ਹਿੱਸਾ ਲੈਂਦੇ ਸਮੇਂ ਅੰਗਰੇਜ਼ਾਂ ਦੁਆਰਾ ਅੰਨ੍ਹੇਵਾਹ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ ਜਾਂ ਜ਼ਖਮੀ ਕਰ ਦਿੱਤਾ ਗਿਆ ਸੀ। ਇਹ ਭਾਰਤ ਦੇ ਆਜ਼ਾਦੀ ਸੰਗਰਾਮ ਦੀਆਂ ਮੁੱਖ ਘਟਨਾਵਾਂ ਵਿੱਚੋਂ ਇੱਕ ਸੀ।

ਇਥੇ ਯਾਦਗਾਰੀ ਖ਼ੂਹ ਦੇ ਨਾਲ ਕੰਧ ਦਾ ਇੱਕ ਹਿੱਸਾ ਸੁਰੱਖਿਅਤ ਰੱਖਿਆ ਗਿਆ ਹੈ ਜਿਸ ਵਿੱਚ ਗੋਲੀਆਂ ਦੇ ਨਿਸ਼ਾਨ ਅਜੇ ਵੀ ਦਿਖਾਈ ਦਿੰਦੇ ਹਨ। ਕੁਝ ਲੋਕਾਂ ਨੇ ਬਚਣ ਲਈ ਖ਼ੂਹ ਵਿੱਚ ਛਾਲਾਂ ਮਾਰ ਦਿੱਤੀਆਂ ਸਨ।








# ਬੋਇੰਗ ਸਟਾਰਲਾਈਨਰ' ਕੈਪਸੂਲ 'ਤੇ ਮੁੜ ਉਡਾਣ ਭਰਨ ਲਈ ਤਿਆਰ ਪੁਲਾੜ ਯਾਤਰੀ



ਕੇਪ ਕੈਨੇਵਰਲ, - ਨਾਸਾ ਦੇ ਮਸ਼ਹੂਰ ਪੁਲਾੜ ਯਾਤਰੀ ਬੁੱਚ ਵਿਲਮੋਰ ਅਤੇ ਸੁਨੀਤਾ ਵਿਲੀਅਮਜ਼ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪੁਲਾੜ ਯਾਤਰਾ ਦੌਰਾਨ ਜੋ ਵੀ ਗਲਤ ਹੋਇਆ, ਉਸ ਲਈ ਉਹ ਅੰਸ਼ਿਕ ਤੌਰ 'ਤੇ ਜ਼ਿੰਮੇਵਾਰ ਹਨ। ਮਸ਼ਹੂਰ ਪੁਲਾੜ ਯਾਤਰੀਆਂ ਨੇ ਕਿਹਾ ਕਿ ਉਹ 'ਬੋਇੰਗ ਸਟਾਰਲਾਈਨਰ' 'ਤੇ ਮੁੜ ਉਡਾਣ ਭਰਨਗੇ।

'ਸਪੇਸਐਕਸ' ਨੇ ਹਾਲ ਹੀ 'ਚ ਦੋਵੇਂ ਪੁਲਾੜ ਯਾਤਰੀਆਂ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ 9 ਮਹੀਨਿਆਂ ਤੋਂ ਵੱਧ ਸਮਾਂ ਬਿਤਾਉਣ ਤੋਂ ਬਾਅਦ ਧਰਤੀ 'ਤੇ ਵਾਪਸ ਲਿਆਂਦਾ ਹੈ। ਬੋਇੰਗ ਪਿਛਲੇ ਸਾਲ ਉਨ੍ਹਾਂ ਤੋਂ ਬਿਨਾਂ ਹੀ ਧਰਤੀ 'ਤੇ ਵਾਪਸ ਆ ਗਿਆ ਸੀ। ਘਰ ਪਰਤਣ ਤੋਂ ਬਾਅਦ ਆਪਣੀ ਪਹਿਲੀ ਪ੍ਰੈੱਸ ਕਾਨਫਰੰਸ 'ਚ ਦੋਵਾਂ ਨੇ ਕਿਹਾ ਕਿ ਉਹ ਲੋਕਾਂ 'ਚ ਇੰਨੀ ਦਿਲਚਸਪੀ ਦੇਖ ਕੇ ਹੈਰਾਨ ਹਨ, ਉਹ ਸਿਰਫ਼ ਆਪਣਾ ਕੰਮ ਕਰ ਰਹੇ ਸਨ ਅਤੇ ਮਿਸ਼ਨ ਨੂੰ ਆਪਣੇ ਪਰਿਵਾਰਾਂ ਤੋਂ ਵੀ ਉੱਪਰ ਰੱਖਿਆ।

**ਮੈਂ ਆਪਣੇ ਪਿਤਾ ਦੀ 'ਜਨਮਭੂਮੀ' ਜ਼ਰੂਰ ਜਾਵਾਂਗੀ : ਸੁਨੀਤਾ**

ਸੁਨੀਤਾ ਵਿਲੀਅਮਜ਼ ਨੇ ਕਿਹਾ ਕਿ ਪੁਲਾੜ ਤੋਂ ਭਾਰਤ ਸ਼ਾਨਦਾਰ ਦਿਖਾਈ ਦਿੰਦਾ ਹੈ। ਉਸ ਨੇ ਉਮੀਦ ਪ੍ਰਗਟਾਈ ਕਿ ਉਹ ਆਪਣੇ ਪਿਤਾ ਦੀ 'ਜਨਮਭੂਮੀ' ਦਾ ਦੌਰਾ ਜ਼ਰੂਰ ਕਰੇਗੀ ਅਤੇ ਉਥੋਂ ਦੇ ਲੋਕਾਂ ਨਾਲ ਪੁਲਾੜ ਖੋਜ ਬਾਰੇ ਆਪਣੇ ਤਜਰਬੇ ਸਾਂਝੇ ਕਰੇਗੀ।ਸਪੇਸ ਤੋਂ ਦਿਖਾਈ ਦੇਣ ਵਾਲੇ ਰੰਗਾਂ ਬਾਰੇ ਗੱਲ ਕਰਦੇ ਹੋਏ, ਸੁਨੀਤਾ ਨੇ ਵਿਸ਼ੇਸ਼ ਤੌਰ 'ਤੇ ਗੁਜਰਾਤ ਅਤੇ ਮੁੰਬਈ ਦੇ ਅਦਭੁਤ ਦ੍ਰਿਸ਼ਾਂ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹਿਰਾਂ ਵਿੱਚ ਜਗਮਗਾਉਂਦੀਆਂ ਲਾਈਟਾਂ ਦਾ ਜਾਲ ਬਹੁਤ ਸੁੰਦਰ ਲੱਗ ਰਿਹਾ ਹੈ।

# ਅਮਰੀਕਾ 'ਚ ਸਾਬਕਾ ਸੀਬੀਪੀ ਅਧਿਕਾਰੀ ਨੂੰ 4 ਸਾਲ ਦੀ ਸ਼ਜਾ



ਨਿਊਯਾਰਕ - ਬੀਤੇ ਦਿਨ ਅਮਰੀਕਾ ਦੇ ਸੂਬੇ ਟੈਕਸਾਸ ਦੇ ਸ਼ਹਿਰ ਐੈਲਪਾਸੋ ਦੇ ਇੱਕ ਸਾਬਕਾ ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ ਅਧਿਕਾਰੀ ਨੂੰ ਐੈਲ ਪਾਸੋ ਦੀ ਇੱਕ ਸੰਘੀ ਅਦਾਲਤ ਨੇ ਇੱਕ ਸਰਕਾਰੀ ਅਧਿਕਾਰੀ ਨੂੰ ਰਿਸ਼ਵਤ ਦੇਣ ਦੇ ਇੱਕ ਦੋਸ਼ ਅਤੇ ਵਿੱਤੀ ਲਾਭ ਲਈ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਤਸਕਰੀ ਦੇ ਇੱਕ ਦੋਸ਼ ਲਈ ਚਾਰ ਸਾਲ ਦੀ ਕੈਦ ਅਤੇ 80 ਘੰਟੇ ਦੀ ਕਮਿਊਨਿਟੀ ਸੇਵਾ ਦੀ ਸਜ਼ਾ ਸੁਣਾਈ।ਅਦਾਲਤੀ ਦਸਤਾਵੇਜ਼ਾਂ ਅਨੁਸਾਰ ਦਸੰਬਰ 2022 ਵਿੱਚ ਜਾਂਚ ਏਜੰਟਾਂ ਨੂੰ ਜਾਣਕਾਰੀ ਮਿਲੀ ਕਿ ਹੋਰਾਈਜ਼ਨ ਸਿਟੀ ਦਾ 46 ਸਾਲਾ ਉਮਰ ਮੋਰੇਨੋ, ਇੱਕ ਸੀ.ਬੀ.ਪੀ ਅਧਿਕਾਰੀ ਦੇ ਤੌਰ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਤਸਕਰੀ ਕਰ ਰਿਹਾ ਸੀ, ਜੋ ਤਸਕਰੀ ਸੰਗਠਨ ਤੋਂ ਪ੍ਰਤੀ ਪ੍ਰਵਾਸੀ ਇਕ ਬੰਦੇ ਦਾ 4000 ਹਜਾਰ ਡਾਲਰ ਪ੍ਰਾਪਤ ਕਰ ਰਿਹਾ ਸੀ।

ਕੋਰਟ ਨੇ ਐੈਲ ਪਾਸੋ ਵਿੱਚ ਸਾਬਕਾ ਸੀਬੀਪੀ ਅਧਿਕਾਰੀ ਨੂੰ ਰਿਸ਼ਵਤਖੋਰੀ ਅਤੇ ਤਸਕਰੀ ਦੇ ਦੋਸ਼ਾਂ ਵਿੱਚ 4 ਸਾਲ ਦੀ ਸਜ਼ਾ ਸੁਣਾਈ ਹੈ।

ਇਥੇ ਦੱਸਣਯੋਗ ਹੈ ਕਿ ਲੰਘੀ 1 ਫਰਵਰੀ, 2024 ਨੂੰ, ਇੱਕ ਵੀਡੀਓ ਰਿਕਾਰਡਿੰਗ ਵਿੱਚ ਮੋਰੇਨੋ ਤੇ ਦੋ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਜਿਨ੍ਹਾਂ ਵਿੱਚੋਂ ਇੱਕ ਪੈਦਲ ਗਾਈਡ ਸੀ, ਨੂੰ ਬਿਨਾਂ ਕਿਸੇ ਨਿਰੀਖਣ ਦੇ ਯਸਲੇਟਾ ਪੋਰਟ ਆਫ਼ ਐੈਂਟਰੀ ਰਾਹੀਂ ਅਮਰੀਕਾ ਵਿੱਚ ਲੈ ਜਾਂਦੇ ਹੋਏ ਕੈਮਰੇ ਵਿੱਚ ਕੈਦ ਕੀਤਾ ਗਿਆ ਸੀ।






# ਟਰੰਪ ਟਰਨਬੈਰੀ ਰਿਜੋਰਟ ‘ਤੇ ਲਾਲ ਰੰਗ ਥੱਪਣ ਵਾਲਾ ਗ੍ਰਿਫ਼ਤਾਰ



ਗਲਾਸਗੋ - ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਏਅਰਸ਼ਾਇਰ ਸਥਿਤ ਟਰੰਪ ਟਰਨਬੈਰੀ ਰਿਜੋਰਟ ਨੂੰ ਨੁਕਸਾਨ ਪਹੁੰਚਾਉਣ ਵਾਲੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। 33 ਸਾਲਾ ਨੌਜਵਾਨ ਨੂੰ ਡੋਨਾਲਡ ਟਰੰਪ ਦੇ ਗੋਲਫ ਕੋਰਸ ਦੀ ਇਮਾਰਤ ‘ਤੇ ਲਾਲ ਰੰਗ ਥੱਪਣ ਤੇ ਗ੍ਰੈਫਿਟੀ ਬਣਾਉਣ ਦੇ ਦੋਸ਼ ‘ਚ 12 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

8 ਮਾਰਚ ਨੂੰ ਇੱਕ ਇਮਾਰਤ ‘ਤੇ ਲਾਲ ਰੰਗ ਛਿੜਕ ਕੇ “ਗਾਜਾ ਵਿਕਾਊ ਨਹੀਂ ਹੈ” ਨਾਅਰਾ ਵੀ ਲਿਖਿਆ ਗਿਆ ਸੀ। ਉਕਤ ਨੌਜਵਾਨ ਨੂੰ ਸੋਮਵਾਰ ਨੂੰ ਏਅਰ ਸ਼ੈਰਿਫ ਕੋਰਟ ਵਿੱਚ ਪੇਸ਼ ਕੀਤੇ ਜਾਣ ਦੀ ਉਮੀਦ ਹੈ। ਇਸ ਦੇ ਨਾਲ ਹੀ 75 ਸਾਲਾ ਬਜ਼ੁਰਗ ਆਦਮੀ ਅਤੇ 66 ਸਾਲਾ ਔਰਤ ਨੂੰ ਵੀ ਭੰਨਤੋੜ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਬਾਅਦ ਵਿੱਚ ਛੱਡ ਦਿੱਤਾ ਗਿਆ ਸੀ ਤੇ ਪੁਲਸ ਅਨੁਸਾਰ ਜਾਂਚ ਕਾਰਵਾਈ ਚੱਲਦੀ ਰਹੇਗੀ। ਗਾਜ਼ਾ ਬਾਰੇ ਡੋਨਾਲਡ ਟਰੰਪ ਦੇ ਬਿਆਨ ਤੋਂ ਭੜਕਾਹਟ ਵਿੱਚ ਆ ਕੇ ਹੀ ਇਹ ਕਾਰਵਾਈ ਕੀਤੀ ਗਈ ਲੱਗਦੀ ਹੈ।

# ਮਿਆਂਮਾਰ ‘ਚ ਭੂਚਾਲ ਅਪਡੇਟ : ਮਰਨ ਵਾਲਿਆਂ ਦੀ ਗਿਣਤੀ 1,600 ਤੋਂ ਪਾਰ

ਯਾਂਗੂਨ - ਮਿਆਂਮਾਰ ਵਿੱਚ ਆਏ ਭਿਆਨਕ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ 1,644 ਤੱਕ ਪਹੁੰਚ ਗਈ ਹੈ ਜਦਕਿ 3,400 ਤੋਂ ਵੱਧ ਲੋਕ ਜ਼ਖਮੀ ਹੋਏ ਹਨ ਅਤੇ 139 ਲਾਪਤਾ ਹਨ। ਚੀਨੀ ਸਮਾਚਾਰ ਏਜੰਸੀ ਸ਼ਿਨਹੂਆ ਨੇ ਸ਼ਨੀਵਾਰ ਨੂੰ ਮਿਆਂਮਾਰ ਸਰਕਾਰ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਇਸ ਸਬੰਧੀ ਜਾਣਕਾਰੀ ਦਿੱਤੀ। ਮਰਨ ਵਾਲਿਆਂ ਦੀ ਗਿਣਤੀ 10,000 ਤੋਂ ਵੱਧ ਹੋ ਸਕਦੀ ਹੈ।

ਪਹਿਲਾਂ ਦੀਆਂ ਰਿਪੋਰਟਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 1,002 ਦੱਸੀ ਗਈ ਸੀ, ਜਦੋਂ ਕਿ 2,300 ਤੋਂ ਵੱਧ ਲੋਕ ਜ਼ਖਮੀ ਹੋਏ ਸਨ। ਸ਼ੁੱਕਰਵਾਰ ਨੂੰ ਮਿਆਂਮਾਰ ਵਿੱਚ 7.7 ਤੀਬਰਤਾ ਦਾ ਭੂਚਾਲ ਆਇਆ, ਜਿਸ ਦੇ ਝਟਕੇ ਬੰਗਲਾਦੇਸ਼, ਭਾਰਤ, ਲਾਓਸ, ਚੀਨ ਅਤੇ ਥਾਈਲੈਂਡ ਵਿੱਚ ਮਹਿਸੂਸ ਕੀਤੇ ਗਏ। ਸਥਾਨਕ ਅਧਿਕਾਰੀਆਂ ਨੇ ਦਿਨ ਦੇ ਸ਼ੁਰੂ ਵਿੱਚ ਕਿਹਾ ਸੀ ਕਿ ਭੂਚਾਲ ਨੇ ਭੂਮੀਗਤ ਤੇਲ ਪਾਈਪਲਾਈਨਾਂ ਨੂੰ ਨੁਕਸਾਨ ਪਹੁੰਚਾਇਆ ਹੈ, ਉਨ੍ਹਾਂ ਕਿਹਾ ਕਿ ਬਿਜਲੀ ਦੀਆਂ ਲਾਈਨਾਂ ਵੀ ਕੱਟ ਦਿੱਤੀਆਂ ਗਈਆਂ ਹਨ ਅਤੇ ਤੇਲ ਟੈਂਕਰ ਦੇਸ਼ ਦੇ ਕੰਢਿਆਂ ‘ਤੇ ਬਾਲਣ ਦੀ ਘਾਟ ਨੂੰ ਦੂਰ ਕਰਨ ਲਈ ਪਹੁੰਚ ਰਹੇ ਹਨ। ਭਾਰਤ, ਰੂਸ ਅਤੇ ਬੇਲਾਰੂਸ ਸਮੇਤ ਕਈ ਦੇਸ਼ ਮਿਆਂਮਾਰ ਨੂੰ ਰਾਹਤ ਕਾਰਜਾਂ ਵਿੱਚ ਸਹਾਇਤਾ ਕਰ ਰਹੇ ਹਨ, ਜਿਸ ਵਿੱਚ ਬਚਾਅ ਟੀਮਾਂ ਭੇਜਣਾ ਵੀ ਸ਼ਾਮਲ ਹੈ।

ਮਿਆਂਮਾਰ ਵਿਚ ਸ਼ਨੀਵਾਰ ਦੁਪਹਿਰ 3.30 ਵਜੇ ਫਿਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਪੈਮਾਨੇ ’ਤੇ ਭੂਚਾਲ ਦੀ ਤੀਬਰਤਾ 5.1 ਮਾਪੀ ਗਈ। ਇਸ ਤਰ੍ਹਾਂ 2 ਦਿਨਾਂ ਵਿਚ 5 ਤੋਂ





ਵੱਧ ਤੀਬਰਤਾ ਵਾਲੇ 3 ਭੂਚਾਲ ਆ ਚੁੱਕੇ ਹਨ। ਬਰਮਾ ਦੇ ਨਾਂ ਨਾਲ ਮਸ਼ਹੂਰ ਮਿਆਂਮਾਰ ਲੰਬੇ ਸਮੇਂ ਤੋਂ ਚੱਲ ਰਹੇ ਖ਼ੂਨੀ ਗ੍ਰਹਿ ਯੁੱਧ ਦੀ ਲਪੇਟ ਵਿਚ ਹੈ ਅਤੇ ਉੱਥੇ ਪਹਿਲਾਂ ਹੀ ਇਕ ਵੱਡਾ ਮਨੁੱਖੀ ਸੰਕਟ ਬਣਿਆ ਹੋਇਆ ਹੈ। ਭੂਚਾਲ ਕਾਰਨ ਮਿਆਂਮਾਰ ਵਿਚ ਰਾਹਤ ਅਤੇ ਬਚਾਅ ਕਾਰਜਾਂ ਨੂੰ ਚਲਾਉਣਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ। ਰਾਜਧਾਨੀ ਨੇਪੀਤਾ ਵਿਚ ਸ਼ਨੀਵਾਰ ਨੂੰ ਨੁਕਸਾਨੀਆਂ ਸੜਕਾਂ ਦੀ ਮੁਰੰਮਤ ਲਈ ਕਰਮਚਾਰੀ ਕੰਮ ਕਰ ਰਹੇ ਹਨ, ਜਦਕਿ ਸ਼ਹਿਰ ਦੇ ਜ਼ਿਆਦਾਤਰ ਹਿੱਸਿਆਂ ਵਿਚ ਬਿਜਲੀ, ਫੋਨ ਤੇ ਇੰਟਰਨੈੱਟ ਸੇਵਾਵਾਂ ਬੰਦ ਰਹੀਆਂ। ਇਸ ਦੌਰਾਨ ਬੈਂਕਾਕ ਸ਼ਹਿਰ ਦੇ ਅਧਿਕਾਰੀਆਂ ਨੇ ਕਿਹਾ ਕਿ ਭੂਚਾਲ ਕਾਰਨ 26 ਲੋਕ ਜ਼ਖਮੀ ਹੋਏ ਹਨ ਤੇ 47 ਅਜੇ ਵੀ ਲਾਪਤਾ ਹਨ।





GTB
Horticulture Ltd
Our Commitment - Your Relief



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।

Pickup & Drop Off Available

Manpreet Singh Dhaliwal 021 147 1502
Manpreet Singh Batth 020 4057 2327
Email: gtb.horticulture@gmail.com

Tax Professionals
www.taxprofessionals.co.nz

PUTTING TIME INTO *YOUR* BUSINESS WHERE IT REALLY COUNTS



ਖਾਲਸਾ ਪੰਥ ਦੀ ਸਾਜਨਾ ਅਤੇ ਵਿਸਾਖੀ ਦੇ ਤਿਉਹਾਰ ਦੀਆਂ ਸਭ ਨੂੰ ਲੱਖ ਲੱਖ ਵਧਾਈਆਂ

Taxation Monthly Accounting Services
Rental Property Accounting
Business Advisory Services
IRD Disputes and Resolutions

Tax Professionals Limited
P: 09 625 0025, M: (021) 1419135
T: (09) 625 0025 Ext-2
E: varun@taxprofessionals.co.nz
W: www.taxprofessionals.co.nz
A: 620 Manukau Road, Epsom.


## ਇਟਲੀ ਦੇ ਸ਼ਹਿਰ ਵਿਚੈਂਸਾ 'ਚ ਜੋ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀਆਂ ਗੂੰਜਾਂ



ਮਿਲਾਨ/ਇਟਲੀ - ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਦੇਸ਼ਾਂ ਵਿੱਚ ਸਜਾਏ ਜਾਣ ਵਾਲੇ ਨਗਰ ਕੀਰਤਨਾਂ ਦੀ ਲੜੀ ਤਹਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਨਿਵਾਸ ਕਿਆਂਪੋਂ ਦੀ ਪ੍ਰਬੰਧਕ ਕਮੇਟੀ ਦੁਆਰਾ ਇਲਾਕੇ ਦੀ ਸੰਗਤ ਦੇ ਸਹਿਯੋਗ ਦੇ ਨਾਲ ਵਿਚੈਂਸਾ ਸ਼ਹਿਰ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ ਅਤੇ ਨਗਰ ਕੀਰਤਨ ਦੌਰਾਨ ਸਿੱਖੀ ਪ੍ਰੰਪਰਾਵਾਂ ਅਤੇ ਸਿਧਾਂਤਾਂ ਦੀ ਵਿਲੱਖਣ ਝਲਕ ਦੇਖਣ ਨੂੰ ਮਿਲੀ। ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਦੀ ਸੁਚੱਜੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ -ਛਾਇਆ ਵਿੱਚ ਸਜਾਏ ਗਏ ਇਸ ਨਗਰ ਕੀਰਤਨ ਦੌਰਾਨ ਮਿਸ਼ਲ ਸ਼ਹੀਦ ਗਤਕਾ ਅਕੈਡਮੀ ਮਾਨਤੋਵਾ ਦੁਆਰਾ ਗਤਕੇ ਦੇ ਕਰਤੱਬ ਦਿਖਾਏ ਗਏ।

ਨਗਰ ਕੀਰਤਨ ਦੌਰਾਨ ਭਾਈ ਦਲਵਿੰਦਰ ਸਿੰਘ ਦਮਨ ਦੇ ਕਵੀਸ਼ਰੀ ਜਥੇ ਦੁਆਰਾ ਇਤਿਹਾਸ ਸ੍ਰਵਣ ਕਰਵਾਇਆ ਗਿਆ। ਇਸ ਮੌਕੇ ਇਟਾਲੀਅਨ ਬੈਂਡ ਦੁਆਰਾ ਨਗਰ ਕੀਰਤਨ ਦੇ ਅੱਗੇ-ਅੱਗੇ ਚੱਲ ਕੇ ਨਗਰ ਕੀਰਤਨ ਦੀ ਸ਼ੋਭਾ ਵਧਾਈ ਗਈ। ਕਿਆਂਪੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸੰਗਤ ਨੂੰ ਇਸ ਮਹਾਨ ਨਗਰ ਕੀਰਤਨ ਦੀ ਵਧਾਈ ਦਿੰਦਿਆਂ ਸਮੁੱਚੀ ਸੰਗਤ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਗਿਆ। ਨਗਰ ਕੀਰਤਨ ਦੌਰਾਨ ਵਿਚੈਂਸਾ ਸ਼ਹਿਰ ਦੇ ਮੇਅਰ ਅਤੇ ਸਥਾਨਿਕ ਪੁਲਸ ਪ੍ਰਸ਼ਾਸ਼ਨ ਦੇ ਅਧਿਕਾਰੀ ਵੀ ਪਹੁੰਚੇ।

## ਪ੍ਰਧਾਨ ਮੰਤਰੀ ਲਕਸਨ ਦੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਨਤਮਸਤਕ ਹੋਣ 'ਤੇ ਬ੍ਰਾਇਨ ਤਮਾਕੀ ਨੇ ਪ੍ਰਗਟਾਇਆ ਰੋਸ



ਭਾਰਤ ਦੇ ਪੰਜ ਦਿਨਾਂ ਦੌਰੇ ਮਗਰੋਂ ਵਾਪਿਸ ਨਿਊਜ਼ੀਲੈਂਡ ਪਰਤੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨਾਲ ਇੱਕ ਨਵਾਂ ਵਿਵਾਦ ਜੁੜਦਾ ਜਾ ਰਿਹਾ ਹੈ। ਦਰਅਸਲ ਭਾਰਤ ਦੌਰੇ ਦੌਰਾਨ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਮੱਥਾ ਟੇਕਿਆ ਸੀ। ਇੱਥੇ ਉਨ੍ਹਾਂ ਨੇ ਅਰਦਾਸ ਕੀਤੀ ਸੀ। ਇਸ ਮਗਰੋਂ ਗੁਰਦੁਆਰਾ ਕਮੇਟੀ ਨੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਲੈਕਸਨ ਅਤੇ ਪੀ.ਐਮ ਮੋਦੀ ਨੂੰ ਸਨਮਾਨਿਤ ਕੀਤਾ ਸੀ। ਪਰ ਉਨ੍ਹਾਂ ਦੇ ਨਤਮਸਤਕ ਹੋਣ ਨੂੰ ਲੈ ਕੇ ਨਿਊਜ਼ੀਲੈਂਡ ਦੇ ਵਿਵਾਦਤ ਬਿਆਨਾਂ ਵਾਲੇ ਆਗੂ ਡੈਸਟਨੀ ਚਰਚ ਲੀਡਰ ਬ੍ਰਾਇਨ ਤਮਾਕੀ ਨੇ ਰੋਸ ਪ੍ਰਗਟਾਇਆ ਹੈ। ਤਮਾਕੀ ਨੇ ਸੋਸ਼ਲ ਮੀਡੀਆ 'ਤੇ ਲਕਸਨ, ਮਾਰਕ ਮਿਸ਼ਲ ਤੇ ਨਿਊਜੀਲੈਂਡ ਸਰਕਾਰ 'ਤੇ ਨਿਸ਼ਾਨਾ ਸਾਧ ਆਖਿਆ ਕਿ ਕਾਰੋਬਾਰੀ ਸਾਂਝ ਪਾਉਣ ਦੇ ਮਕਸਦ ਨੂੰ ਸਿੱਧ ਕਰਨ ਲਈ ਲਸਕਨ ਨੇ ਨਿਊਜੀਲੈਂਡ ਵਾਸੀਆਂ ਦੀ ਧਾਰਮਿਕ ਸੋਚ ਤੇ ਵਿਚਾਰਾਂ ਨੂੰ ਤਿਆਗਿਆ ਹੈ।

ਤਮਾਕੀ ਨੇ ਵਿਵਾਦਤ ਬਿਆਨ ਦਿੰਦਿਆਂ ਕਿਹਾ ਹੈ ਕਿ, ਲਕਸਨ ਵਿਦੇਸ਼ੀ ਰੱਬ ਅੱਗੇ ਝੁਕਿਆ ਹੈ ਤੇ ਇਸ ਲਈ ਉਨ੍ਹਾਂ ਨੇ ਨਿਊਜੀਲੈਂਡ ਦੀਆਂ ਕਦਰਾਂ ਕੀਮਤਾਂ ਦੀ ਪਰਵਾਹ ਨਹੀਂ ਕੀਤੀ ਅਤੇ ਇਸਦਾ ਮੁੱਲ ਪੂਰੇ ਨਿਊਜੀਲੈਂਡ ਨੂੰ ਭੁਗਤਣਾ ਪਏਗਾ। ਆਪਣੇ ਬਿਆਨ ਵਿੱਚ ਤਮਾਕੀ ਨੇ ਨਿਊਜੀਲੈਂਡ 'ਚ ਵੱਧ ਰਹੀ ਪ੍ਰਵਾਸੀਆਂ ਦੀ ਗਿਣਤੀ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਹਾਲਾਂਕਿ ਤਮਾਕੀ ਦੇ ਬਿਆਨ ਦਾ ਮੈਂਬਰ ਪਾਰਲੀਮੈਂਟ ਤੇ ਐਥਨੀਕ ਕਮਿਊਨਿਟੀਜ਼ ਮਨਿਸਟਰ ਮਾਰਕ ਮਿਸ਼ਲ ਨੇ ਵਿਰੋਧ ਕਰ ਕਿਹਾ ਹੈ ਕਿ ਤਮਾਕੀ ਤੁਸੀਂ ਆਪਣੀ ਸੋਚ ਨੂੰ ਬਦਲੋ ਤੇ ਹੁਣ ਵੱਡੇ ਹੋ ਜਾਓ। ਸਾਡੇ ਦੇਸ਼ ਨਿਊਜੀਲੈਂਡ ਵਿੱਚ ਘੱਟ ਗਿਣਤੀ ਲੋਕਾਂ ਅਤੇ ਐਥਨੀਕ ਕਮਿਊਨਿਟੀਆਂ ਦੀਆਂ ਭਾਵਨਾਵਾਂ ਨਾਲ ਖੇਡਣਾ ਤੁਹਾਡੇ ਲਈ ਇੱਕ ਪੇਸ਼ਾ ਬਣ ਗਿਆ ਹੈ ਅਤੇ ਇਹ ਵਰਤਾਰਾ ਨਾ ਹੀ ਕਿਸੇ ਕ੍ਰਿਸਚਨ ਵਿਅਕਤੀ ਦਾ ਹੋ ਸਕਦਾ ਹੈ ਤੇ ਨਾ ਹੀ ਕਿਸੇ ਨਿਊਜੀਲੈਂਡ ਵਾਸੀ ਦਾ। ਹਾਲਾਂਕਿ ਹੁਣ ਦੇਖਣਾ ਹੋਵੇਗਾ ਕਿ ਇਸ ਮਸਲਾ ਕਿੱਥੇ ਤੱਕ ਜਾਂਦਾ।









Looking for a home loan or business loan?

TALK TO US

LOANS



Want to protect your loved ones financially?

TALK TO US

INSURANCE



Looking to protect your assets and cash flows?

TALK TO US

BUSINESS INSURANCE




Looking for a Business Loan or Working Capital Finance?

TALK TO US

ASSET FINANCE

# PROFESSIONAL FINANCIAL SOLUTIONS GROUP

## JUST ONE PLACE FOR ALL FINANCIAL SERVICES YOU NEED

## SERVICES

- ਘਰਾਂ ਦੇ ਲੋਨ
- ਬਿਜ਼ਨਸ ਦੇ ਲੋਨ
- ਲਾਈਫ/ਟਰੋਮਾ/ਮੈਡੀਕਲ ਇੰਸ਼ੋਰੈਂਸ
- ਰੀਡਨਡੈਂਸੀ/ਮਾਰਗੇਜ਼ ਪ੍ਰੋਟੈਕਸ਼ਨ ਇੰਸ਼ੋਰੈਂਸ
- ਕਾਰ, ਟਰੱਕ ਆਦਿ ਦੇ ਲੋਨ



Rohit Takyar
**021 172 8962**



Samir Khanna
**021 0295 8787**



Ram Vashist
**021 401 535**



Varun Bhatti
**022 673 1951**



Div Sareen
**021 159 3453**

A disclosure statement as required under Securities Act 1988 is freely available on request

## HEAD OFFICE

42 George Street, Mt Eden, Auckland

**Ph: 09 846 9934**

www.professionalfinancial.co.nz | Email: info@pfsl.co.nz

Professional Financial Solutions Ltd.
Aim Associates Ltd.

ਵਿਸਾਖੀ ਦਾ ਤਿਉਹਾਰ ਭਾਰਤੀ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਵਿਚ ਇਸ ਦਿਨ ਨੂੰ ਖਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਇਸ ਲਈ ਸਮੂਹ ਸਿੱਖ ਭਾਈਚਾਰਾ ਇਸ ਦਿਨ ਨੂੰ ਖਾਲਸੇ ਦੇ ਜਨਮ ਦਿਵਸ ਵਜੋਂ ਮਨਾਉਂਦਾ ਹੈ।



ਇਸ ਦਿਨ ਨੂੰ ਵੈਸਾਖ ਮਹੀਨੇ ਦੇ ਪਹਿਲੇ ਦਿਨ ਮਨਾਇਆ ਜਾਂਦਾ ਹੈ। ਇਹ ਹਰ ਸਾਲ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਆਮ ਤੌਰ ‘ਤੇ ਇਹ ਤਿਉਹਾਰ ਹਾੜੀ ਦੀ ਫਸਲ ਪੱਕਣ ਦੀ ਖੁਸ਼ੀ ਵਿਚ ਵੀ ਮਨਾਇਆ ਜਾਂਦਾ ਹੈ। ਇਸ ਨੂੰ ਕਿਸਾਨਾਂ ਦਾ ਮੇਲਾ ਵੀ ਕਿਹਾ ਜਾਂਦਾ ਹੈ। ਇਸ ਦਿਨ ਕਈ ਥਾਵਾਂ ‘ਤੇ ਭਾਰੀ ਮੇਲੇ ਆਦਿ ਵੀ ਲੱਗਦੇ ਹਨ ਅਤੇ ਕਈ ਗੁਰਦੁਆਰਿਆਂ ਵਿਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ।




1699 ਵਿਚ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਚ ਇਕ ਮਹਾਨ ਸਭਾ ਬੁਲਾਈ ਸੀ, ਇਸ ਸਭਾ ਵਿਚ ਵੱਖ-ਵੱਖ ਥਾਵਾਂ ਤੋਂ ਲਗਭਗ 80 ਹਜ਼ਾਰ ਸਿੱਖ ਇਕੱਠੇ ਹੋਏ। ਜਦੋਂ ਸਭਾ ਸ਼ੁਰੂ ਹੋਈ ਤਾਂ ਗੁਰੂ ਸਾਹਿਬ ਨੇ ਮਿਆਨ ਵਿਚੋਂ ਤਲਵਾਰ ਕੱਢਦੇ ਹੋਏ ਕਿਹਾ, ਹੈ ਕੋਈ ਅਜਿਹਾ ਸਿੱਖ ਜੋ ਧਰਮ ਲਈ ਆਪਣੇ ਪ੍ਰਾਣਾਂ ਦਾ ਬਲਿਦਾਨ ਦੇ ਸਕੇ। ਇਹ ਸੁਣ ਕੇ ਸਭਾ ਸ਼ਾਂਤ ਹੋ ਗਈ ਅਤੇ ਪੰਜ ਸਿੱਖ ਵਾਰੋ ਵਾਰੀ ਉੱਠੇ ਅਤੇ ਉਹਨਾਂ ਨੇ ਗੁਰੂ ਸਾਹਿਬ ਨੂੰ ਆਪਣਾ ਆਪ ਸੌਂਪ ਦਿੱਤਾ।

ਗੁਰੂ ਸਾਹਿਬ ਨੇ ਉਹਨਾਂ ਪੰਜਾ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦੀ ਪਦਵੀ ਦਿੱਤੀ ਅਤੇ ਬਾਅਦ ਵਿਚ ਉਹਨਾਂ ਪਾਸੋਂ ਆਪ ਅੰਮ੍ਰਿਤ ਛਕਿਆ। ਖਾਲਸੇ ਦੀ ਸਥਾਪਨਾ ਕਰ ਕੇ ਗੁਰੂ ਸਾਹਿਬ ਨੇ ਇਕ ਨਵਾਂ ਪੰਥ ਸਿਰਜਿਆ ਅਤੇ ਜਾਤ-ਪਾਤ, ਰੰਗ-ਭੇਦ ਆਦਿ ਦੇ ਵਿਤਕਰੇ ਨੂੰ ਖਤਮ ਕਰ ਦਿੱਤਾ। ਗੁਰੂ ਸਾਹਿਬ ਨੇ ਅੰਮ੍ਰਿਤ ਛਕਾਉਣ ਤੋਂ ਬਾਅਦ ਮਰਦਾਂ ਦੇ ਨਾਂਅ ਪਿੱਛੇ ‘ਸਿੰਘ’ ਅਤੇ ਔਰਤਾਂ ਦੇ ਨਾਂਅ ਪਿੱਛੇ ‘ਕੌਰ’ ਲਗਾਉਣ ਦਾ ਹੁਕਮ ਦਿੱਤਾ। ਅੰਮ੍ਰਿਤ ਛਕਾਉਣ ਤੋਂ ਬਾਅਦ ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਹਰ ਸਿੱਖ ਦੀ ਪੋਸ਼ਾਕ ਦਾ ਜ਼ਰੂਰੀ ਹਿੱਸਾ ਬਣ ਗਿਆ।



## ਜਲਿਆਂਵਾਲੇ ਬਾਗ ਅੰਮ੍ਰਿਤਸਰ ਦਾ ਸਾਕਾ

13 ਅਪ੍ਰੈਲ 1919 ਦੀ ਵਿਸਾਖੀ ਨੂੰ ਜਲਿਆਂਵਾਲੇ ਬਾਗ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਨਿਹੱਥੇ ਭਾਰਤੀਆਂ ਨੂੰ ਜਨਰਲ ਡਾਇਰ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਇਸ ਸਾਕੇ ਵਿਚ ਲਗਭਗ 20,000 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ ਬੱਚੇ, ਔਰਤਾਂ, ਬਜ਼ੁਰਗ ਆਦਿ ਸ਼ਾਮਿਲ ਸਨ।






THE
# FINANCE HUB
LEADING THE WAY

## Our Services

First home buyers

Property investors

Refinancing

Restructuring and debt consolidation

Construction funding

Commercial & Business Lending

Low-doc & Private Lending

Asset Finance

## Get in touch today!

**0800 346 482**



**Falgun Patel**
Mortgage Adviser
0211 054 718
falgun@financehub.co.nz



**Roshni Patel**
Mortgage Adviser
0211 784 183
roshni@financehub.co.nz



**Manish Sachdeva**
Mortgage Adviser
0211 026 429
manish@financehub.co.nz

**WWW.FINANCEHUB.CO.NZ**

15 Jack Conway Avenue, Manukau, Auckland




ਨਰੇਸ਼ ਕੁਮਾਰੀ ਸ਼ਰਮਾ
+02041755894



### ਵਿਸ਼ੇ ਬਾਬਤ ਸੰਖੇਪ ਜਾਣਕਾਰੀ ਤੇ ਵਿਸਾਖੀ ਦਾ ਇਤਿਹਾਸਕ ਪੱਖ

ਵਿਸਾਖੀ ਪੰਜਾਬ ਦੇ ਸਭ ਤੋਂ ਮਹੱਤਵਪੂਰਨ ਤਿਉਹਰਾਂ ਵਿੱਚੋਂ ਇੱਕ ਹੈ, ਜੋ ਕਿ ਹਰ ਸਾਲ 13 ਜਾਂ 14 ਅਪਰੈਲ ਨੂੰ ਮਨਾਇਆ ਜਾਂਦਾ ਹੈ। ਇਸ ਦੀ ਇਤਿਹਾਸਕ ਅਤੇ ਧਾਰਮਿਕ ਮਹੱਤਤਾ, ਦੋਵੇਂ ਹਨ। ਵੱਖ ਵੱਖ ਧਾਰਮਿਕ ਥਾਵਾਂ ਤੇ ਮੇਲੇ ਵੀ ਭਰਦੇ ਹਨ । ਕਿਸਾਨ ਦਾ ਮਨ ਆਪਣੀ ਪੱਕੀ ਫਸਲ ਨੂੰ ਵੇਖਕੇ ਮੋਰ ਵਾਂਗ ਨੱਚਣ ਨੂੰ ਕਰਦਾ ਹੈ ਤੇ ਉਹ ਚੋਬਰਾਂ ਦੀਆਂ ਢਾਣੀਆਂ ਵਿੱਚ ਚਿੱਟਾ ,ਮਾਵੇ ਵਾਲਾ ਚਾਦਰਾ, ਕਸੂਰੀ ਖੁੱਸਾ ,ਤੁਰਲੇ ਵਾਲੀ ਪੱਗ ਤੇ ਸੰਮਾਂ ਵਾਲੀ ਡਾਂਗ ਨੂੰ ਤੇਲ ਲਾ ਕੇ ਬੱਕਰੇ ਬੁਲਾਉਂਦਾ , ਭੰਗੜੇ ਪਾਉਂਦਾ ਮੇਲੇ ਨੂੰ ਤੁਰ ਪੈਂਦਾ ਹੈ। ਇਸ ਖੁਸ਼ੀਆਂ ਭਰੇ ਤਿਉਹਾਰ ਸਬੰਧੀ ਬਹੁਤ ਸਾਰੇ ਮੀਲ ਪੱਥਰ ਸਾਬਤ ਹੋਏ ਗੀਤ ਅਜੇ ਤੱਕ ਸੁਣੇ ਜਾਂਦੇ ਹਨ। ਮੇਲੇ ਦੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਹਨ । ਕਿਤੇ ਗੱਭਰੂ ਭੰਗੜਾ ਪਾ ਰਹੇ ਹੁੰਦੇ ਤੇ ਕਿਤੇ ਇੱਕ ਨਿਵੇਕਲੀ ਜਿਹੀ ਥਾਂ ਤੇ ਮੁਟਿਆਰਾਂ ਰੰਗ ਬਿਰੰਗੇ ਲਿਬਾਸ ਤੇ ਸੱਗੀ ਫੁੱਲ ਸਜਾਕੇ ਗਿੱਧੇ ਵਿੱਚ ਧੂੜਾਂ ਪੱਟ ਰਹੀਆਂ ਹੁੰਦੀਆਂ। ਦੂਜੇ ਪਾਸੇ ਜਲੇਬੀਆਂ, ਪਕੌੜੇ,ਤੇ ਤਰਾਂ ਤਰਾਂ ਦੀਆਂ ਚਾਂਦੀ ਦੇ ਵਰਕ ਵਾਲੀਆਂ ਮਿਠਿਆਈਆਂ ਦੀ ਮਹਿਕ ਮਨ ਨੂੰ ਮੋਹ ਰਹੀ ਹੁੰਦੀ। ਇਸਦੇ ਨਾਲ ਹੀ ਕੁਝ ਆਸ਼ਿਕ ਵੀ ਪਿਆਰ ਦੀਆਂ ਪੀਂਘਾਂ ਝੂਟ ਰਹੇ ਹੁੰਦੇ । ਇਸ ਦਿਹਾੜੇ ਦਾ

ਵਿਸਾਖੀ ਦੀ ਸ਼ੁਰੂਆਤ ਕਿਸਾਨਾਂ ਦੀ ਖੇਤੀ-ਬਾੜੀ ਨਾਲ ਜੁੜੀ ਹੋਈ ਹੈ। ਇਹ ਨਵੀਂ ਫਸਲ ਦੀ ਵਾਢੀ ਦੀ ਆਰੰਭਤਾ ਬਾਬਤ, ਖੁਸ਼ੀ ਮਨਾਉਣ ਦਾ ਤਿਉਹਾਰ ਹੈ। ਪੰਜਾਬ ਵਿੱਚ, ਇਹ ਸਮਾਂ ਰਬੀ ਫਸਲ (,ਕਣਕ ਦੀ ਵਾਢੀ), ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਇਸ ਦਿਨ, ਕਿਸਾਨ ਆਪਣੇ ਅੰਨ ਦੀ ਵਧੀਆ ਉਪਜ ਲਈ ਵਾਹਿਗੁਰੂ ਦਾ ਸ਼ੁਕਰ ਅਦਾ ਕਰਦੇ ਹਨ ਤੇ ਚੰਗੇ ਝਾੜ ਦੇ ਨਾਲ ਨਾਲ ਵਾਢੀ ਤੇ ਗਹਾਈ ਸਮੇਂ,ਮੀਂਹ ਕਣੀ,ਝੱਖੜ ਝੋਲੇ ਦੇ ਨੁਕਸਾਨ ਤੋਂ ਬਚਾਅ ਦੀ ਵੀ ਅਰਦਾਸ ਕੀਤੀ ਜਾਂਦੀ ਹੈ। ਮੈਂ ਉਪਰ ਜੋ ਜ਼ਿਕਰ ਕੀਤਾ ਹੈ ਉ ਚਾਲੀ ਪੰਜਾਹ ਸਾਲ ਪਹਿਲਾਂ ਮਨਾਏ ਜਾਂਦੇ ਤਿਉਹਾਰ ਦੀਆਂ ਰੌਣਕਾਂ ਤੇ ਝਲਕਾਂ ਤੇ ਆਧਾਰਿਤ ਹੈ । ਉਦੋਂ ਆਪਣਾਪਨ ਤੇ ਭਾਈਚਾਰਕ ਸਾਂਝ,ਪਿਆਰ ਮੁਹੱਬਤ ਤੇ ਇੱਕ ਦੂਸਰੇ ਦਾ ਸਾਥ ਮਾਨਣ ਦਾ ਅਨੰਦ ਹੀ ਕੁਝ ਹੋਰ ਹੁੰਦਾ ਸੀ । ਵਾਢੀ ਵੇਲੇ ਮੰਗ ਪਾਈ ਜਾਂਦੀ ਸੀ ।ਭਾਵ ਇੱਕ ਕਿਸਾਨ ,ਜਿਸਦੀ ਬਹੁਤ ਵੱਡੇ ਰਕਬੇ ਵਿੱਚ ਕਣਕ ਪੱਕ ਜਾਂਦੀ ਸੀ ਤੇ ਇੱਕਦਮ ਵੱਢਣੀ ਮੁਸ਼ਕਿਲ ਹੁੰਦੀ ਸੀ, ਉਹ ਨਾਲ ਦੇ ਖੇਤਾਂ ਵਾਲਿਆਂ ਨੂੰ ਇਕੱਠੇ ਕਰਕੇ ਸਾਰੀ ਫਸਲ ਇੱਕ ਦੋ ਦਿਨਾਂ ਵਿੱਚ ਸਾਂਭ ਲੈਂਦੇ ਸਨ ।ਇਸ ਤਰਾਂ ਮੇਲ ਮਿਲਾਪ ਵਧਦਾ ਸੀ, ਹਾਸਾ ਠੱਠਾ ਹੁੰਦਾ ਸੀ , ਹਰ ਇੱਕ ਦੀ ਪੱਕੀ ਫਸਲ ਜਲਦੀ ਸਾਂਭੀ ਜਾਂਦੀ ਸੀ। ਜ਼ਿਕਰਯੋਗ ਹੈ ਕਿ ਜਿਹੜਾ ਘਰ ਮੰਗ ਪਾਉਂਦਾ ਸੀ , ਉਹ ਵਾਢਿਆਂ ਨੂੰ ਚੋਖਾ ਖੀਰਾਂ ਪੂੜੇ ਤੇ ਕੜਾਹ ਆਦਿ ਖਵਾਉਂਦਾ ਸੀ । ਜਦੋਂ ਇੱਕ ਕਿਸਾਨ ਦੀ ਕਣਕ ਸਮਾਪਤ ਹੋਣ ਵਾਲੀ ਹੁੰਦੀ ਤਾਂ ਥੋੜੀ ਜਿਹੀ ਫਸਲ ਗਰੀਬ ਗੁਰਬਿਆਂ ਲਈ ਛੱਡ ਦਿੱਤੀ ਜਾਂਦੀ, ਜਿਸਨੂੰ 'ਸੀਓ ਰੰਬਾ' ਕਿਹਾ ਜਾਂਦਾ । ਇਸਦੇ ਨਾਲ ਹੀ ਦਾਣੇ ਘਰ ਆਉਣ ਤੇ ਛੋਟੇ ਬੱਚਿਆਂ ਨੂੰ ਥੋੜਾ ਥੋੜਾ ਅਨਾਜ ਤੋਹਫ਼ੇ ਵਜੋਂ ਦਿੱਤਾ ਜਾਂਦਾ ਜਿਸਨੂੰ 'ਰੀਣੀ' ਕਿਹਾ ਜਾਂਦਾ ਤੇ ਇਸਨੂੰ ਪਾਕੇ ਬੱਚੇ ਬੇਅੰਤ ਖੁਸ਼ ਹੁੰਦੇ। ਉਹ ਇਨਾਂ ਦਾਣਿਆਂ ਨੂੰ ਵੇਚਕੇ ਆਪਣੀ ਮਨਪਸੰਦ ਚੀਜ਼ ਖਰੀਦਦੇ ਤੇ ਖਾ ਕੇ ਖੁਸ਼ੀ ਮਨਾਉਂਦੇ।ਉਨਾਂ ਨੂੰ ਇਸ ਦਿਨ ਦਾ ਬੜੀ ਹੀ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ।

ਅਫਸੋਸ ਨਾਲ ਕਹਿਣਾ ਪੈਂਦਾ ਹੈ,ਅੱਜਕਲ੍ਹ ਤਾਂ ਵਿਸਾਖੀ ਹੀ ਨਹੀਂ ਸਗੋਂ ਸਾਰੇ ਹੀ ਤਿਉਹਾਰ ਨਕਲੀਪਣ , ਦਿਖਾਵੇਬਾਜ਼ੀ ਤੇ ਖੋਖਲੇਪਣ ਕਾਰਣ ਫਿੱਕੇ ਲੱਗਣ ਲੱਗ ਪਏ ਹਨ। ਬੀਤਿਆ ਸਮਾਂ ਕਦੇ ਵੀ ਮੁੜਕੇ ਨਹੀਂ ਆਉਣਾ, ਉਹਨਾਂ ਰੌਣਕਾਂ ਨੂੰ ਯਾਦ ਕਰਕੇ ਅੱਜ ਗੱਚ ਭਰ ਆਉਂਦਾ ਹੈ।

### ਖਾਲਸਾ ਪੰਥ ਦੀ ਸਾਜਨਾ ਤੇ ਵਿਸਾਖੀ ਦਾ ਧਾਰਮਿਕ ਪੱਖ :-

ਸਿੱਖ ਪੰਥ ਦਸ ਗੁਰੂ ਸਾਹਿਬਾਨਾਂ, ਪੀਰਾਂ , ਭਗਤਾਂ , ਭੱਟ ਸਾਹਿਬਾਨਾਂ, ਰਾਗੀਆਂ ਤੇ ਢਾਡੀਆਂ ਦੇ ਸਮੂਹ ਨਾਲ,ਇੱਕ ਨੇਕ ਰਸਤੇ ਤੇ ਚੱਲਣ ਵਾਲਾ ਧਰਮ ਰਿਹਾ ਹੈ। ਇਸ ਧਰਮ ਨੇ ਸਦਾ ਤੋਂ ਹੀ ਲੋੜਵੰਦਾਂ ਦੀ ਮਦਦ ਕੀਤੀ ਹੈ, ਕਮਜ਼ੋਰ ਦੀ ਸਹਾਇਤਾ ਤੇ ਸੁਰੱਖਿਆ ਕੀਤੀ ਹੈ,ਸਰਬ ਧਰਮ ਦਾ ਆਦਰ ਤੇ ਸਤਿਕਾਰ ਕੀਤਾ ਹੈ। ਕਿਸੇ ਦਾ ਹੱਕ ਨਹੀਂ ਮਾਰਿਆ , ਉੱਚੇ ਚਰਿੱਤਰ ਦੀ ਰਾਖੀ ਕੀਤੀ ਹੈ ।ਸਭ ਤੋਂ ਮਹਾਨ ਪੱਖ ਇਹ ਹੈ ਕਿ ਸ਼ਹਾਦਤ ਦੇ ਪੁੰਜ ,ਧੰਨ ਗੁਰੂ ਅਰਜੁਨ ਦੇਵ ਜੀ ਮਹਾਰਾਜ ਨੇ ਪਵਿੱਤਰ,ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ,ਜਿਸ ਵਿੱਚ ਛੇ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਨਾਲ ਨਾਲ , ਵੱਖੋ ਵੱਖਰੇ ਧਰਮਾਂ,ਜਾਤਾਂ ਤੇ ਖਿੱਤਿਆਂ ਦੇ ਭਗਤਾਂ ਦੀ ਪਵਿੱਤਰ ਬਾਣੀ ਦਾ ਸੰਕਲਣ ਕਰਕੇ,ਲੋਕਾਈ ਨੂੰ ਜੀਵਨ ਦਾ ਸੀਰਸ਼ ਮਾਰਗ ਦੱਸਿਆ । ਪਰ ਅਫਸੋਸ ਦੀ ਗੱਲ ਹੈ ਕਿ ਵਕਤ ਦੇ ਨਾਲ ਨਾਲ ਇਸ ਧਰਮ ਨੂੰ ਮੰਨਣ ਵਾਲਿਆਂ ਵਿੱਚ ਬੇਈਮਾਨੀ ਤੇ ਹੋਰ ਵਿਕਾਰ ਆ ਗਏ, ਜਿਵੇਂ ਮਸੰਦਾਂ ਨੇ ਚੜਾਵੇ ਦੇ ਮਾਮਲੇ ਵਿੱਚ ਬੇਈਮਾਨੀ ਦੀਆਂ ਹੱਦਾਂ ਬੰਨੇ ਹੀ ਤੋੜ ਦਿੱਤੇ। ਮੰਜੀ ਪ੍ਰਥਾ ਵਿੱਚ ਵੀ ਧਾਂਦਲੀਆਂ ਹੋਣ ਲੱਗ ਪਈਆਂ । ਜਦੋਂ ਇਸ ਤਰਾਂ ਦੀਆਂ ਕੁਰੀਤੀਆਂ ਤੇ ਬੇਨਿਯਮੀਆਂ ਹੱਦੋਂ ਵਧ ਗਈਆਂ ਤਾਂ , ਦਸਵੇਂ ਪਿਤਾ,ਕਲਗੀਧਰ, ਸਰਬੰਸ ਦਾਨੀ ਮਹਾਰਾਜ ਨੇ ਇਸ ਧਰਮ ਨੂੰ ਖਾਲਸ ਤੇ ਚਿੰਨਹਿਤ ਕਰਨ ਲਈ , ਸੰਨ 1699 ਈ. ਵਿੱਚ,ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਕੌਤਕ ਰਚਿਆ। ਉਨਾਂ ਇਸ ਦਿਨ ਏਥੇ ਸੰਗਤਾਂ ਦਾ ਭਰਭੂਰ ਇਕੱਠ ਕੀਤਾ ਤੇ ਪੰਜ ਸ਼ਰਧਾਲੂਆਂ ਤੋਂ ਸੀਸ ਭੇਂਟ ਕਰਨ ਦੀ ਮੰਗ ਕੀਤੀ । ਉਨ੍ਹਾਂ ਨੇ ਪੰਜ ਪਿਆਰੇ(ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਅਤੇ ਭਾਈ ਸਾਹਿਬ ਸਿੰਘ) ਨੂੰ ਚੁਣਿਆ ਤੇ ਵਾਰੀ ਵਾਰੀ ਤੰਬੂ ਵਿੱਚ ਲੈ ਕੇ ਗਏ ਤੇ ਹਰ ਵਾਰੀ,ਖ਼ੂਨ ਨਾਲ ਭਿੱਜੀ ਤਲਵਾਰ ਨਾਲ ਬਾਹਰ ਆਏ । ਅੰਤ ਵਿੱਚ ਉਨਾਂ ਖੁਲਾਸਾ ਕੀਤਾ ਕਿ ਉਹ ਤਾਂ ਸੱਚੇ ਸਿੱਖਾਂ ਦੀ ਤਲਾਸ਼ ਵਿੱਚ ਸਨ,ਜਿਨਾਂ ਨੂੰ ਉਹ,ਪੰਜ ਪਿਆਰੇ ਥਾਪਣਾ ਚਾਹੁੰਦੇ ਸਨ। ਉਨਾਂ ਨੇ ਕਿਸੇ ਦਾ ਸੀਸ ਨਹੀਂ ਲਿਆ । ਉਪਰੰਤ ਉਨ੍ਹਾਂ ਪੰਜ ਵਿਲੱਖਣ ਪ੍ਰਤਿਭਾ ਰੱਖਣ ਵਾਲਿਆਂ ਨੂੰ ਅੰਮ੍ਰਿਤ ਛਕਾਕੇ,ਪੰਜ ਪਿਆਰੇ ਥਾਪਿਆ




ਅਤੇ ਖਾਲਸਾ ਪੰਥ ਦੀ ਰਚਨਾ ਕੀਤੀ। ਇਸ ਦਿਨ ਤੋਂ ਮਹਾਰਾਜ ,ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਪੰਜ ਚਿੰਨ੍ਹ ਧਾਰਨ ਕਰਨ ਦੀ ਹਿਦਾਇਤ ਕੀਤੀ , ਜਿੰਨਾਂ ਵਿੱਚ ਕੇਸ, ਕੰਘਾ ,ਕੜਾ ,ਕਿਰਪਾਨ ਤੇ ਕਸ਼ਹਿਰਾ ਸ਼ਾਮਿਲ ਸਨ । ਇਨਾਂ ਪੰਜਾਂ ਚਿੰਨ੍ਹਾਂ ਨੂੰ 'ਕਕਾਰ' ਦੀ ਸੰਗਿਆ ਦਿੱਤੀ ਗਈ ਤੇ ਇਹਨਾਂ ਨੂੰ ਧਾਰਨ ਕਰਨ ਵਾਲੇ ਸਿੰਘ ਤੇ ਸਿੰਘਣੀਆਂ ਨੂੰ ਸਾਬਤ ਸਰੂਪ ਸਿੱਖ ਕਿਹਾ ਜਾਣ ਲੱਗਾ। ਇਸ ਲਈ ਵਿਸਾਖੀ ਸਿੱਖ ਧਰਮ ਵਿੱਚ ਅਤਿਅੰਤ ਮਹੱਤਵਪੂਰਨ ਦਿਨ ਹੈ, ਕਿਉਂਕਿ ਇਹ ਸਿੱਖਾਂ ਦੀ ਵਿਲੱਖਣ ਪਹਿਚਾਣ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ।

### ਅਨੰਦ ਪੁਰ ਸਾਹਿਬ ਦੀ ਵਿਸਾਖੀ :-

ਅਨੰਦਪੁਰ ਸਾਹਿਬ 'ਚ ਵਿਸਾਖੀ ਦਾ ਤਿਉਹਾਰ ਇਕ ਵਿਲੱਖਣ ਆਤਮਿਕ ਤੇ ਇਤਿਹਾਸਕ ਮਹੱਤਵ ਰੱਖਦਾ ਹੈ। 1699 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੇ ਖ਼ਾਲਸੇ ਦੀ ਸਾਜ਼ਨਾ ਕਰਕੇ ਸਿੱਖ ਧਰਮ ਨੂੰ ਨਵੀਂ ਦਿਸ਼ਾ ਦਿੱਤੀ। ਇਹ ਦਿਨ ਨਾ ਸਿਰਫ਼ ਖ਼ਾਲਸੇ ਪੰਥ ਦੇ ਜਨਮ ਦੀ ਯਾਦ ਦਿਲਾਉਂਦਾ ਹੈ, ਸਗੋਂ ਭਾਈਚਾਰੇ, ਸੇਵਾ ਤੇ ਬਹਾਦਰੀ ਦੀ ਪ੍ਰੇਰਣਾ ਵੀ ਦਿੰਦਾ ਹੈ। ਹਰ ਸਾਲ ਵਿਸਾਖੀ 'ਤੇ ਅਨੰਦਪੁਰ ਸਾਹਿਬ 'ਚ ਵਿਸ਼ਾਲ ਨਗਰ ਕੀਰਤਨ, ਅਖਾੜਿਆਂ ਵਿਚ ਖੇਡ-ਮੁਕਾਬਲੇ ਅਤੇ ਧਾਰਮਿਕ ਸਮਾਗਮ ਹੋਂਦੇ ਹਨ, ਜਿੱਥੇ ਲੱਖਾਂ ਸੰਗਤਾਂ ਸ਼ਮੂਲੀਅਤ ਕਰਦੀਆਂ ਹਨ। ਇਥੇ ਦਾ ਮਾਹੌਲ ਸ਼ਰਧਾ, ਉਤਸ਼ਾਹ ਅਤੇ ਚਰਮ ਉਤਸਾਹ ਨਾਲ ਭਰਿਆ ਹੁੰਦਾ ਹੈ, ਜਿੱਥੇ ਆਉਣ ਵਾਲਾ ਹਰ ਇਨਸਾਨ ਗੁਰੂ ਦੀ ਬਖ਼ਸ਼ਿਸ਼ ਮਹਿਸੂਸ ਕਰਦਾ ਹੈ। ਸੰਗਤਾਂ ਦੇਸ਼ਾਂ ਵਿਦੇਸ਼ਾਂ ਤੋਂ ਇਸ ਦਿਹਾੜੇ ਤੇ ਅਨੰਦਪੁਰ ਸਾਹਿਬ ਨਤਮਸਤਕ ਹੋਣ ਆਉਂਦੀਆਂ ਹਨ।

### ਵਿਸਾਖੀ ਦੇ ਰਸਮ-ਰਿਵਾਜ :-


ਇਸ ਦਿਨ ਗੁਰਦੁਆਰਿਆਂ ਵਿੱਚ ਕੀਰਤਨ ਤੇ ਅਰਦਾਸ ਹੁੰਦੇ ਹਨ- ਲੋਕ ਹੁੰਮਹੁਮਾ ਕੇ,ਗੁਰਦੁਆਰਿਆਂ ਵਿੱਚ ਸ਼ੁਕਰਾਨੇ ਦੀ ਅਰਦਾਸ ਲਈ ਪਰਿਵਾਰ ਸਮੇਤ ਪਹੁੰਚਦੇ ਹਨ। ਇਸ ਦਿਨ ਜਾਂ ਇੱਕ ਦਿਨ ਪਹਿਲਾਂ ਨਗਰ ਕੀਰਤਨ ਕੱਢਿਆ ਜਾਂਦਾ ਹੈ ਤੇ ਲੰਗਰ ਲਗਾਏ ਜਾਂਦੇ ਹਨ ਤੇ ਸ਼ਬੀਲਾਂ ਲਾਈਆਂ ਜਾਂਦੀਆਂ ਹਨ। ਇਨਾਂ ਕੀਰਤਨਾਂ ਰਾਹੀਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੀਆਂ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਤੇ ਸ਼ਬਦਾਂ ਦਾ ਪ੍ਰਵਾਹ ਲਗਾਤਾਰ ਚਲਾਇਆ ਜਾਂਦਾ ਹੈ।

ਵਿਸਾਖੀ ਕੇਵਲ ਪੰਜਾਬ ਤੱਕ ਸੀਮਤ ਨਹੀਂ, ਬਲਕਿ ਇਸਨੂੰ ਭਾਰਤ ਦੇ ਹੋਰ ਹਿਸਿਆਂ ਤੇ ਬਾਹਰਲੇ ਮੁਲਕਾਂ, ਜਿੱਥੇ ਸਿੱਖ ਭਾਈਚਾਰਾ ਵੱਸਦਾ ਵਿੱਚ ਵੀ ਵੱਖ-ਵੱਖ ਰੂਪਾਂ ਵਿੱਚ ਮਨਾਇਆ ਜਾਂਦਾ ਹੈ। ਇਹ ਸਿੱਖ ਧਰਮ ਅਤੇ ਪੰਜਾਬੀ ਸੰਸਕ੍ਰਿਤੀ ਲਈ ਮਹੱਤਵਪੂਰਨ ਤਿਉਹਾਰ ਹੈ, ਜੋ ਖੁਸ਼ਹਾਲੀ, ਏਕਤਾ, ਤੇ ਨਵੀਂ ਸ਼ੁਰੂਆਤ ਦੀ ਨਿਸ਼ਾਨੀ ਹੈ।ਵਿਸਾਖੀ, ਪੰਜਾਬ ਦੀ ਧਰਤੀ ਦਾ ਇੱਕ ਮਹਾਨ ਤਿਉਹਾਰ, ਸਿਰਫ਼ ਇੱਕ ਖੇਤੀਬਾੜੀ ਦੀ ਸ਼ੁਰੂਆਤ ਨਹੀਂ, ਨਾਲ ਹੀ ਸਬੰਧਤ ਨਾ ਹੋ ਕੇ ,ਬਲਕਿ ਇੱਕ ਆਤਮਿਕ ਉਤਸਵ, ਇੱਕ ਇਤਿਹਾਸਕ ਦਸਤਾਵੇਜ਼ ਅਤੇ ਇੱਕ ਸਭਿਆਚਾਰਕ ਪਹਿਚਾਣ ਵੀ ਹੈ। ਕਦੀ ਇਹ ਤਿਉਹਾਰ ਖੇਤਾਂ ਵਿੱਚ ਮਿੱਟੀ ਦੀ ਸੁਗੰਧ, ਗੁਰਦੁਆਰਿਆਂ ਵਿੱਚ ਗੁਰਬਾਣੀ ਦੀ ਰੌਸ਼ਨੀ, ਅਤੇ ਲੋਕ-ਸੰਗੀਤ ਦੀ ਖੁਸ਼ਹਾਲੀ ਨੂੰ ਦਰਸਾਉਂਦਾ ਸੀ। ਪਰ ਹੁਣ, ਆਧੁਨਿਕ ਯੁੱਗ ਵਿੱਚ, ਬੈਸਾਖੀ ਨੇ ਇੱਕ ਨਵੀਂ ਸ਼ਕਲ ਧਾਰਨ ਕਰ ਲਈ ਹੈ।

ਕਾਸ਼ ਉਹ ਪੁਰਾਣੇ ਦਿਨ ਫਿਰ ਤੋਂ ਪਰਤ ਆਉਣ ਤੇ ਜਮਲਾ ਜੱਟ, ਆਸਾ ਸਿੰਘ ਮਸਤਾਨਾ ਦੇ ਗੀਤ (ਅੱਜ ਸਾਰੇ ਛੱਡ ਜੰਜਾਲ ਕੁੜੇ ,ਮੇਲੇ ਨੂੰ ਚੱਲ ਮੇਰੇ ਨਾਲ ਕੁੜੇ, ਹੋ ਹੋ ਹੋ ਹੋ') ।

'ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ ,ਰੂਪ ਦੀਏ ਰਾਣੀਏ ਪਰਾਂਦੇ ਨੂੰ ਸੰਭਾਲ ਨੀਂ,ਕਾਲੀ'-----------)ਤੇ ਸੁਰਿੰਦਰ ਕੌਰ ਦੇ ਮਿੱਠੇ ਮਿੱਠੇ ਗੀਤ ਫਿਰ ਤੋਂ ਸੁਨਣ ਨੂੰ ਜੀ ਕਰਦਾ ਹੈ । ਪਰ ",ਨਹੀਓਂ ਲੱਭਣੇ ਲਾਲ ਗਵਾਚੇ,ਮਿੱਟੀ ਨਾ ਫਰੋਲ ਜੋਗੀਆ।"

# ਆਸਟ੍ਰੇਲੀਆਈ ਫੈਡਰਲ ਚੋਣਾਂ 3 ਮਈ ਨੂੰ, ਅਲਬਨੀਜ਼ ਤੇ ਪੀਟਰ ਡੱਟਨ ਵਿਚਕਾਰ ਮੁਕਾਬਲਾ ਸਖ਼ਤ



ਬ੍ਰਿਸਬੇਨ - ਆਸਟ੍ਰੇਲੀਆ ‘ਚ 48ਵੀਆਂ ਫੈਡਰਲ ਚੋਣਾਂ 3 ਮਈ ਨੂੰ ਹੋਣਗੀਆਂ। ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਵੱਲੋਂ ਚੋਣਾਂ ਦੇ ਐਲਾਨ ਬਾਅਦ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੀ ਚੋਣ ਮੁਹਿੰਮ ਤੇਜ਼ ਕਰ ਦਿੱਤੀ ਹੈ। ਇਸ ਵਾਰ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਦੀਆਂ 150 ਅਤੇ ਸੈਨੇਟ ਦੀਆਂ 76 ਸੀਟਾਂ ‘ਤੇ ਚੋਣ ਲੜੀ ਜਾਵੇਗੀ।

ਕਿਸੇ ਵੀ ਪਾਰਟੀ ਨੂੰ ਸਰਕਾਰ ਬਣਾਉਣ ਲਈ ਲਈ ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼ ਵਿੱਚ 76 ਤੇ ਸੈਨੇਟ ਵਿੱਚ 40 ਸੀਟਾ ‘ਤੇ ਜਿੱਤ ਪ੍ਰਾਪਤ ਕਰਨ ਦੀ ਜਰੂਰਤ ਹੋਵੇਗੀ।

ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਲੇਬਰ ਸਰਕਾਰ ਲਈ ਦੂਜੇ ਕਾਰਜਕਾਲ ਲਈ ਦੁਬਾਰਾ ਚੋਣ ਲੜਨਗੇ।

2022 ਦੀਆਂ ਚੋਣਾਂ ਵਿੱਚ ਲੇਬਰ ਪਾਰਟੀ ਨੇ 77 ਸੀਟਾਂ ਜਿੱਤੀਆਂ ਸਨ, ਜੋ ਬਹੁਮਤ ਲਈ ਕਾਫ਼ੀ ਸਨ। ਜਦੋਂ ਕਿ ਵਿਰੋਧੀ ਧਿਰ ਦੇ ਨੇਤਾ ਪੀਟਰ ਡੱਟਨ ਦੀ ਅਗਵਾਈ ਹੇਠ ਲਿਬਰਲ-ਨੈਸ਼ਨਲ ਗੱਠਜੋੜ ਸਰਕਾਰ ਵਿੱਚ ਵਾਪਸ ਆਉਣਾ ਚਾਹੁੰਦੇ ਹਨ।

ਲੇਬਰ ਪਾਰਟੀ ‘ਫਿਊਚਰ ਮੇਡ ਇਨ ਆਸਟ੍ਰੇਲੀਆ’ ਯੋਜਨਾ ਤਹਿਤ ਹਾਊਸਿੰਗ, ਸਿਹਤ ਸੇਵਾਵਾਂ ਅਤੇ ਜੀਵਨ ਖਰਚੇ ਦੀ ਸਮੱਸਿਆ ‘ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਉਨ੍ਹਾਂ 8.5 ਬਿਲੀਅਨ ਡਾਲਰ ਦੀ ਬਲਕ-ਬਿਲਿੰਗ ਸਕੀਮ ਅਤੇ ਐਨਰਜੀ ਰਿਬੇਟ ਨੂੰ ਵਧਾਉਣ ਦਾ ਵਾਅਦਾ ਵੀ ਕੀਤਾ ਹੈ। ਉੱਧਰ 2022 ‘ਚ ਮਹਿਜ਼ 58 ਸੀਟਾਂ ’ਤੇ ਸਿਮਟਣ ਵਾਲੀ ਵਿਰੋਧੀ ਧਿਰ ਲਿਬਰਲ-ਨੈਸ਼ਨਲ ਕੋਐਲੀਸ਼ਨ ‘ਲੈੱਟਸ ਗੈੱਟ ਆਸਟ੍ਰੇਲੀਆ ਬੈਕ ਆਨ ਟਰੈਕ’ ਦੇ ਨਾਅਰੇ ਨਾਲ ਸੱਤਾ ਵਾਪਸੀ ਦੀ ਚਾਹ ‘ਚ ਹੈ। ਉਹ ਨਿਊਕਲੀਅਰ ਪਾਵਰ, ਹਾਊਸਿੰਗ (ਸੁਪਰਅਨਿਊਏਸ਼ਨ ਨਾਲ ਘਰ ਖਰੀਦਣ ਦੀ ਛੋਟ) ਅਤੇ ਇਮੀਗ੍ਰੇਸ਼ਨ ’ਤੇ ਬੋਲ ਰਹੇ ਹਨ। ਉਨ੍ਹਾਂ ਫਿਊਲ ਐਕਸਾਈਜ਼ ਨੂੰ ਅੱਧਾ ਕਰਨ (25 ਸੈਂਟ ਪ੍ਰਤੀ ਲੀਟਰ ਦੀ ਬੱਚਤ) ਅਤੇ ਮਾਨਸਿਕ ਸਿਹਤ ਸੈਸ਼ਨਾਂ ਨੂੰ 10 ਤੋਂ 20 ਤੱਕ ਵਧਾਉਣ ਦਾ ਐਲਾਨ ਵੀ ਕੀਤਾ ਹੈ।

ਸੂਬਾ ਵਿਕਟੋਰੀਆ ਅਤੇ ਨਿਊ ਸਾਊਥ ਵੇਲਸ ਦੀਆਂ ਬਾਹਰੀ ਸੀਟਾਂ ’ਤੇ ਵੀ ਉਨ੍ਹਾਂ ਦੀ ਨਜ਼ਰ ਰਹੇਗੀ। ਤੀਜੀ ਵੱਡੀ ਧਿਰ ਗਰੀਨ ਪਾਰਟੀ ਨੇ 2022 ਵਿੱਚ 4 ਸੀਟਾਂ ਜਿੱਤੀਆਂ ਸਨ ਅਤੇ ਹੁਣ ਬ੍ਰਿਸਬੇਨ (ਹਲਕਾ ਮਾਰਟਨ), ਗ੍ਰਿਫਿਥ ਅਤੇ ਰਾਇਨ ਸੀਟਾਂ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ। ਉਹ ਜਲਵਾਯੂ ਤਬਦੀਲੀ, ਸਸਤੀ ਹਾਊਸਿੰਗ, ਸਮਾਜਿਕ ਨਿਆਂ, ਸਹਿਤ ਅਤੇ ਸਿੱਖਿਆ ਨੂੰ ਸਮੇਂ ਦੀ ਮੰਗ ਕਹਿ ਰਹੇ ਹਨ। ਲੰਘੇ ਸਮੇਂ ‘ਚ ਗਰੀਨ ਨੇ ਲੋਕਾਂ ਲਈ ਕਫਾਇਤੀ ਜਨਤਕ ਘਰਾਂ ਦੀ ਉਸਾਰੀ ਲਈ ਲੇਬਰ ‘ਤੇ ਦਬਾਅ ਬਣਾ ਕੇ ਦੋ ਬਿਲੀਅਨ ਡਾਲਰ ਜਾਰੀ ਕਰਵਾਏ ਸਨ।

ਗ੍ਰੀਨ ਦਾ ਮੰਨਣਾ ਹੈ ਕਿ ਸੁਪਰਅਨਿਊਏਸ਼ਨ ਨਾਲ ਘਰ ਖਰੀਦਣ ਨਾਲ ਘਰਾਂ ਦੀਆਂ ਕੀਮਤਾਂ ਅਸਮਾਨੀ ਛੂਹਣਗੀਆਂ। ਗ੍ਰੀਨਜ਼ ਦੀ ਨਜ਼ਰ ਮੈਲਬਾਰਨ ‘ਚ ਵਿਲਸ ਅਤੇ ਮੈਕਨਾਮਾਰਾ ਸੀਟਾਂ ’ਤੇ ਵੀ ਹੈ, ਜਿੱਥੇ ਉਹ ਲੇਬਰ ਨੂੰ ਸਿੱਧੀ ਚੁਣੌਤੀ ਦੇ ਸਕਦੇ ਹਨ।

ਗੌਰਤਲਬ ਹੈ ਕਿ 2022 ਵਿੱਚ 10 ਆਜ਼ਾਦ ਉਮੀਦਵਾਰ ਵੀ ਜਿੱਤੇ ਸਨ। ਇਸ ਵਾਰ ਵੀ ਉਹ ਕੋਐਲੀਸ਼ਨ ਦੀਆਂ ਸੀਟਾਂ ’ਤੇ ਨਿਸ਼ਾਨਾ ਲਗਾ ਰਹੇ ਹਨ।

ਸਾਬਕਾ ਲੇਬਰ ਸੈਨੇਟਰ ਫਾਤਿਮਾ ਪੇਮੈਨ ਦੀ ‘ਆਸਟ੍ਰੇਲੀਆਜ਼ ਵੌਇਸ’ ਅਤੇ ਗੈਰਾਰਡ ਰੈਨਿਕ ਦੀ ‘ਪੀਪਲ ਫਸਟ ਪਾਰਟੀ’ ਵਰਗੀਆਂ ਨਵੀਆਂ ਪਾਰਟੀਆਂ ਵੀ ਮੈਦਾਨ ‘ਚ ਹਨ। ਸੈਂਟਰ ਅਲਾਇੰਸ ਅਤੇ ਕੈਟਰਜ਼ ਆਸਟ੍ਰੇਲੀਅਨ ਪਾਰਟੀ ਕੋਲ 1-1 ਸੀਟ ਹੈ। ਹੁਣ ਤੱਕ ਦੇ ਪੋਲਿੰਗ ਦੇ ਨਵੇਂ ਸਰਵੇਖਣਾਂ ਨੇ ਪੁਸ਼ਟੀ ਕੀਤੀ ਹੈ ਕਿ ਗੱਠਜੋੜ ਤੇ ਸੱਤਾਧਾਰੀ ਲੇਬਰ ਮੁਕਾਬਲਾ ਸਖ਼ਤ ਹੈ। ਲੇਬਰ ਸਿਰਫ਼ 2 ਸੀਟਾਂ ਗੁਆਉਣ ਨਾਲ ਬਹੁਮਤ ਖ਼ਤਮ ਹੋ ਸਕਦਾ ਹੈ, ਜਦਕਿ ਕੋਐਲੀਸ਼ਨ ਨੂੰ ਸਰਕਾਰ ਬਣਾਉਣ ਲਈ 19 ਸੀਟਾਂ ਦੀ ਲੋੜ ਹੈ। ਇਹ ਚੋਣ ਆਸਟ੍ਰੇਲੀਆ ਦੇ ਭਵਿੱਖ ਲਈ ਅਹਿਮ ਹੋਵੇਗੀ, ਜਿਸ ਵਿੱਚ ਜੀਵਨ ਖਰਚਾ, ਜਲਵਾਯੂ ਅਤੇ ਇਮੀਗ੍ਰੇਸ਼ਨ ਮੁੱਖ ਮੁੱਦੇ ਹੋਣਗੇ।






# ਪਤਨੀ ਨਾਲ ਮੂਸੇਵਾਲਾ ਦੀ ਹਵੇਲੀ ਪਹੁੰਚੇ ਪਾਲ ਸਿੰਘ ਸਮਾਓ





ਇੰਟਰਨੈਸ਼ਨਲ ਬੋਲੀਆਂ ਦੇ ਕਲਾਕਾਰ ਪਾਲ ਸਿੰਘ ਸਮਾਓ ਨੇ ਹਾਲ ਹੀ 'ਚ ਆਪਣੇ ਸੋਸ਼ਲ ਮੀਡੀਆ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜੋ ਕਾਫ਼ੀ ਵਾਇਰਲ ਹੋ ਰਹੀਆਂ ਹਨ। ਦੱਸ ਦਈਏ ਕਿ ਪਾਲ ਸਿੰਘ ਸਮਾਓ ਵਿਆਹ ਤੋਂ ਬਾਅਦ ਪਹਿਲੀ ਵਾਰ ਆਪਣੀ ਪਤਨੀ ਨਾਲ ਸਿੱਧੂ ਮੂਸੇਵਾਲਾ ਦੀ ਹਵੇਲੀ 'ਚ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਸਿੱਧੂ ਨੇ ਪਿਤਾ ਬਲਕੌਰ ਸਿੰਘ ਅਤੇ ਮਾਤਾ ਚਰਨ ਕੌਰ ਨਾਲ ਮੁਲਾਕਾਤ ਕੀਤੀ। ਇਨ੍ਹਾਂ ਵਿਚੋਂ ਇਕ ਤਸਵੀਰ ਵਿਚ ਸਮਾਓ ਦੀ ਪਤਨੀ ਨੇ ਮੂਸੇਵਾਲਾ ਦੇ ਛੋਟੇ ਭਰਾ ਨੂੰ ਗੋਦੀ ਚੁੱਕਿਆ ਹੋਇਆ ਸੀ।

ਇਸ ਤੋਂ ਪਹਿਲਾ ਪਾਲ ਸਿੰਘ ਸਮਾਓ ਆਪਣੇ ਵਿਆਹ ਦਾ ਸੱਦਾ ਦੇਣ ਲਈ ਹਵੇਲੀ ਆਏ ਸਨ। ਇਸ ਦੀਆਂ ਵੀ ਤਸਵੀਰਾਂ ਉਨ੍ਹਾਂ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀਆਂ ਕੀਤੀਆਂ ਸਨ। ਇਨ੍ਹਾਂ ਤਸਵੀਰਾਂ ਨੂੰ ਸਾਂਝਾ ਕਰਦਿਆਂ ਪਾਲ ਸਿੰਘ ਸਮਾਓ ਨੇ ਕੈਪਸ਼ਨ 'ਚ ਲਿਖਿਆ ਸੀ, ''ਵਿਆਹ ਦਾ ਸੱਦਾ ਪੱਤਰ ਦੇਣ ਸਮੇਂ ਖੁਸ਼ੀ ਦੇ ਪਲ।''



# ਬਾਲੀਵੁੱਡ ਤੋਂ ਲੈ ਕੇ ਸਾਊਥ ਵਾਲੇ ਵੀ ਹੋਏ 'ਅਕਾਲ' ਦੇ ਮੁਰੀਦ




ਜਲੰਧਰ - ਗਿੱਪੀ ਗਰੇਵਾਲ ਦੀ ਫਿਲਮ 'ਅਕਾਲ' ਦੀ ਰਿਲੀਜ਼ ਦੀ ਹਰ ਕਿਸੇ ਨੂੰ ਬੇਸਬਰੀ ਨਾਲ ਉਡੀਕ ਹੈ। ਫਿਲਮ ਸਿਰਫ਼ ਪੰਜਾਬ ਤੇ ਵਿਦੇਸ਼ਾਂ 'ਚ ਹੀ ਨਹੀਂ, ਸਗੋਂ ਭਾਰਤ ਦੇ ਬਾਕੀ ਸੂਬਿਆਂ 'ਚ ਵੀ ਵੱਡੇ ਪੱਧਰ 'ਤੇ ਰਿਲੀਜ਼ ਹੋ ਰਹੀ ਹੈ। ਖ਼ਾਸ ਗੱਲ ਇਹ ਹੈ ਕਿ ਇਹ ਪਹਿਲੀ ਪੰਜਾਬੀ ਪੈਨ ਇੰਡੀਆ ਫ਼ਿਲਮ ਹੈ, ਜਿਸ ਨੂੰ ਹਿੰਦੀ 'ਚ ਵੀ ਰਿਲੀਜ਼ ਕੀਤਾ ਜਾ ਰਿਹਾ ਹੈ।

ਇਸ ਦੇ ਨਾਲ ਹੀ ਫ਼ਿਲਮ ਦਾ ਕ੍ਰੇਜ਼ ਹੁਣ ਬਾਲੀਵੁੱਡ ਤੇ ਸਾਊਥ ਸਿਤਾਰਿਆਂ 'ਚ ਵੀ ਦੇਖਣ ਨੂੰ ਮਿਲ ਰਿਹਾ ਹੈ। ਫ਼ਿਲਮ ਨੂੰ ਲੈ ਕੇ ਅਕਸ਼ੈ ਕੁਮਾਰ, ਸੋਨੂੰ ਸੂਦ ਤੇ ਕਮਲ ਹਾਸਨ ਵੱਲੋਂ ਪੋਸਟਾਂ ਸਾਂਝੀਆਂ ਕੀਤੀਆਂ ਗਈਆਂ ਹਨ। ਅਕਸ਼ੈ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ 'ਅਕਾਲ' ਦਾ ਟ੍ਰੇਲਰ ਵਧੀਆ ਲੱਗਾ। ਨਾਲ ਹੀ ਉਨ੍ਹਾਂ ਗਿੱਪੀ ਗਰੇਵਾਲ, ਕਰਨ ਜੌਹਰ ਤੇ ਗੁਰਪ੍ਰੀਤ ਘੁੱਗੀ ਨੂੰ ਵਧਾਈਆਂ ਵੀ ਦਿੱਤੀਆਂ। ਉਥੇ ਸੋਨੂੰ ਸੂਦ ਨੇ ਗਿੱਪੀ ਗਰੇਵਾਲ ਤੇ ਕਰਨ ਜੌਹਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਟ੍ਰੇਲਰ ਬਹੁਤ ਸ਼ਾਨਦਾਰ ਲੱਗਾ।

ਸਾਊਥ ਸੁਪਰਸਟਾਰ ਕਮਲ ਹਾਸਨ ਨੇ ਕਿਹਾ ਕਿ ਨਾਂ ਤੇ ਦਿਨ ਨੂੰ ਲੌਕ ਕਰ ਲਓ। 'ਅਕਾਲ' ਫ਼ਿਲਮ ਤੁਹਾਡੇ ਨਜ਼ਦੀਕੀ ਸਿਨੇਮਾਘਰਾਂ 'ਚ ਆ ਰਹੀ ਹੈ।

ਦੱਸ ਦੇਈਏ ਕਿ ਫ਼ਿਲਮ ਕਰਨ ਜੌਹਰ, ਅਦਾਰ ਪੂਨਾਵਾਲਾ, ਅਪੂਰਵਾ ਮਹਿਤਾ, ਗਿੱਪੀ ਗਰੇਵਾਲ ਤੇ ਰਵਨੀਤ ਕੌਰ ਗਰੇਵਾਲ ਵੱਲੋਂ ਪ੍ਰੋਡਿਊਸ ਕੀਤੀ ਗਈ ਹੈ। ਫ਼ਿਲਮ ਨੂੰ ਸ਼ੰਕਰ ਅਹਿਸਾਨ ਲੋਏ ਨੇ ਸੰਗੀਤ ਦਿੱਤਾ ਹੈ, ਜੋ ਫਿਲਮ ਦੇ ਗੀਤਾਂ ਰਾਹੀਂ ਦਰਸ਼ਕਾਂ ਨੂੰ ਬੇਹੱਦ ਪਸੰਦ ਆ ਰਿਹਾ ਹੈ। ਦੁਨੀਆ ਭਰ 'ਚ ਇਹ ਫ਼ਿਲਮ 10 ਅਪ੍ਰੈਲ, 2025 ਨੂੰ ਪੰਜਾਬੀ ਦੇ ਨਾਲ-ਨਾਲ ਹਿੰਦੀ 'ਚ ਰਿਲੀਜ਼ ਹੋਣ ਜਾ ਰਹੀ ਹੈ।

CHEAP CLEANING



Cheap Lawn Mowing
Gardening
House Cleaning

For Free quote call
0204915760

# 'ਦਿ ਵੈਂਪਾਇਰ ਡਾਇਰੀਜ਼' ਦੀ ਲੇਖਕ ਐਲਜੇ ਸਮਿਥ ਦਾ 66 ਸਾਲ ਦੀ ਉਮਰ 'ਚ ਦੇਹਾਂਤ




ਵਾਸ਼ਿੰਗਟਨ - ਸਾਹਿਤਕ ਜਗਤ 'ਦਿ ਵੈਂਪਾਇਰ ਡਾਇਰੀਜ਼' ਅਤੇ 'ਦਿ ਸੀਕ੍ਰੇਟ ਸਰਕਲ' ਸੀਰੀਜ਼ ਦੀ ਮਸ਼ਹੂਰ ਲੇਖਕ ਐਲਜੇ ਸਮਿਥ ਦੇ ਦੇਹਾਂਤ 'ਤੇ ਸੋਗ ਮਨਾ ਰਿਹਾ ਹੈ, ਜਿਨ੍ਹਾਂ ਦਾ 8 ਮਾਰਚ ਨੂੰ 66 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੀ ਵੈੱਬਸਾਈਟ ਦੇ ਅਨੁਸਾਰ, ਸਮਿਥ ਇੱਕ ਦੁਰਲੱਭ ਆਟੋਇਮਿਊਨ ਬਿਮਾਰੀ ਨਾਲ ਪੀੜਤ ਸੀ, ਜਿਸ ਨਾਲ ਉਹ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਜੂਝ ਰਹੀ ਸੀ।

ਉਨ੍ਹਾਂ ਦੀ ਵੈੱਬਸਾਈਟ 'ਤੇ ਇੱਕ ਬਿਆਨ ਵਿੱਚ ਉਨ੍ਹਾਂ ਨੂੰ "ਇੱਕ ਦਿਆਲੂ ਅਤੇ ਕੋਮਲ ਆਤਮਾ ਵਜੋਂ ਯਾਦ ਕੀਤਾ ਗਿਆ, ਜਿਨ੍ਹਾਂ ਦੀ ਪ੍ਰਤਿਭਾ, ਰਚਨਾਤਮਕਤਾ, ਲਚਕੀਲਾਪਣ ਅਤੇ ਹਮਦਰਦੀ ਨੇ ਉਨ੍ਹਾਂ ਦੇ ਪਰਿਵਾਰ, ਦੋਸਤਾਂ ਅਤੇ ਪ੍ਰਸ਼ੰਸਕਾਂ ਦੇ ਜੀਵਨ ਨੂੰ ਰੌਸ਼ਨ ਕੀਤਾ"।

ਸਮਿਥ ਦਾ ਸਾਹਿਤਕ ਕਰੀਅਰ 3 ਦਹਾਕਿਆਂ ਤੋਂ ਵੱਧ ਸਮੇਂ ਤੱਕ ਫੈਲਿਆ ਰਿਹਾ, ਜਿਸ ਦੌਰਾਨ ਉਨ੍ਹਾਂ ਨੇ ਕਈ ਸਭ ਤੋਂ ਵੱਧ ਵਿਕਣ ਵਾਲੇ ਨਾਵਲ ਲਿਖੇ, ਜਿਨ੍ਹਾਂ ਵਿੱਚ 'ਦਿ ਵੈਂਪਾਇਰ ਡਾਇਰੀਜ਼' ਸੀਰੀਜ਼ ਵੀ ਸ਼ਾਮਲ ਹੈ। ਇਹ ਸ਼ੋਅ 8 ਸੀਜ਼ਨਾਂ ਤੱਕ ਚੱਲਿਆ। 'ਦਿ ਵੈਂਪਾਇਰ ਡਾਇਰੀਜ਼' ਤੋਂ ਇਲਾਵਾ, ਸਮਿਥ ਨੇ 'ਦਿ ਸੀਕ੍ਰੇਟ ਸਰਕਲ' ਟ੍ਰਾਇਲੋਜੀ ਵੀ ਲਿਖੀ।

# ਫਲਾਂ ਅਤੇ ਸਬਜ਼ੀਆਂ ਰਾਹੀਂ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਟਮਾਟਰ (Tomato)**

- ਟਮਾਟਰ ਇੱਕ ਬਹੁਤ ਹੀ ਹਰਮਨ ਪਿਆਰਾ ਫਲ ਹੈ। ਭਾਵੇਂ ਇੱਕ ਆਮ ਲੋਕੀਂ ਇਸਨੂੰ ਸਬਜ਼ੀਆਂ ਦੀ ਸੂਚੀ ਵਿਚ ਸ਼ਾਮਲ ਕਰਦੇ ਹਨ। ਇਹ ਬਹੁਤ ਸਾਰੇ ਰੋਗਾਂ ਤੋਂ ਬਚਾਉਂਦਾ ਹੈ ਅਤੇ ਰੋਗ ਹੋ ਜਾਣ ਦੀ ਹਾਲਤ ਵਿਚ ਉਹਨਾਂ ਦੇ ਇਲਾਜ ਵਿਚ ਵੀ ਮੱਦਦਗਾਰ ਸਿੱਧ ਹੁੰਦਾ ਹੈ।
- ਜੇਕਰ ਚਿਹਰੇ ’ਤੇ ਕਾਲੇ ਦਾਗ ਪੈ ਜਾਣ ਤਾਂ ਉਹਨਾਂ ਨੂੰ ਖਤਮ ਕਰਨ ਦੇ ਲਈ ਟਮਾਟਰ ਦੇ ਰਸ ਵਿਚ ਰੂੰ ਦਾ ਫੰਬਾ ਭਿਉਂਕੇ ਦਾਗਾਂ ’ਤੇ ਮਲਦੇ ਰਹਿਣ ਨਾਲ ਕਾਲੇ ਦਾਗ-ਧੱਬੇ ਮਿਟ ਜਾਣਗੇ।
- ਟਮਾਟਰ ਵਿਚ ਇਹ ਗੁਣ ਹੈ ਕਿ ਇਸਦੇ ਸੇਵਨ ਨਾਲ ਫੇਫੜਿਆਂ ਦੀ ਕਾਰਜ ਸਮਰੱਥਾ ਵਿਚ ਸੁਧਾਰ ਹੁੰਦਾ ਹੈ ਜਿਹੜੇ ਵਿਅਕਤੀ ਕਿਸੇ ਕਿਸਮ ਦੇ ਸਾਹ ਦੇ ਰੋਗ ਜਾਂ ਦਮਾਂ ਪੀੜਤ ਹੋਣ ਤਾਂ ਟਮਾਟਰ ਖਾਣ ਜਾਂ ਇਸਦਾ ਰਸ ਪੀਂਦੇ ਰਹਿਣ ਨਾਲ ਆਰਾਮ ਆ ਜਾਂਦਾ ਹੈ।
- ਕਫ਼ ਭਾਵ ਬਲਗਮ ਗਲੇ ਅਤੇ ਫੇਫੜਿਆਂ ਵਿਚ ਜੰਮ ਜਾਂਦੀ ਹੈ ਅਤੇ ਕੁੱਕਰ ਖਾਂਸੀ ਨੂੰ ਜਨਮ ਦਿੰਦੀ ਹੈ। ਇਹ ਖਾਂਸੀ ਬਹੁਤ ਹੀ ਕਸ਼ਟਦਾਇਕ ਹੁੰਦੀ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਟਮਾਟਰਾਂ ਦਾ ਸੂਪ ਪੀਸੀ ਹੋਈ ਕਾਲੀ ਮਿਰਚ ਮਿਲਾਕੇ ਗਰਮ-ਗਰਮ ਪੰਜ-ਛੇ ਦਿਨ ਹਰ ਰੋਜ ਤਿੰਨ ਚਾਰ ਵਾਰ ਪੀਣ ਨਾਲ ਕੁੱਕਰ ਖਾਂਸੀ ਦੂਰ ਹੋ ਜਾਂਦੀ ਹੈ ਅਤੇ ਗਲੇ ਵਿਚੋਂ ਘੁਰ-ਘੁਰ ਦੀ ਆਉਣ ਵਾਲੀ ਆਵਾਜ਼ ਵੀ ਠੀਕ ਹੋ ਜਾਂਦੀ ਹੈ।
- ਜੇਕਰ ਪੇਟ ਵਿਚ ਕੀੜੇ ਹੋਣ ਤਾਂ ਭੁੱਖੇ ਪੇਟ ਸੁਬਾਹ-ਸ਼ਾਮ ਦੋ ਵਾਰੀ 20-22 ਦਿਨ ਲਾਲ ਟਮਾਟਰ ਪੀਸੀ ਹੋਈ ਕਾਲੀ ਮਿਰਚ ਅਤੇ ਲੂਣ ਭੁੱਕਕੇ ਖਾਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।
- ਸ਼ੂਗਰ ਬਹੁਤ ਹੀ ਭਿਅੰਕਰ ਬਿਮਾਰੀ ਹੈ। ਟਮਾਟਰ ਦਾ ਸੇਵਨ ਇਸ ਵਿਚ ਕਾਫ਼ੀ ਗੁਣਕਾਰੀ ਹੁੰਦਾ ਹੈ। ਟਮਾਟਰ ਦੀ ਖਟਾਸ ਸਰੀਰ ਵਿਚੋਂ ਸ਼ੂਗਰ ਦੀ ਮਾਤਰਾ ਨੂੰ ਘੱਟ ਕਰਦੀ ਹੈ। ਪੇਸ਼ਾਬ ਵਿਚ ਸ਼ੂਗਰ ਆਉਣੀ ਬੰਦ ਹੋ ਜਾਂਦੀ ਹੈ। ਸ਼ੂਗਰ ਦੇ ਮਰੀਜਾਂ ਨੂੰ ਟਮਾਟਰ ਦਾ ਸੇਵਨ ਰੋਜ਼ਾਨਾ ਨੇਮਬੱਧ ਕਰਦੇ ਰਹਿਣਾ ਚਾਹੀਦਾ ਹੈ।
- ਜੇਕਰ ਪਾਚਣ-ਸ਼ਕਤੀ ਕਮਜ਼ੋਰ ਹੋਵੇ ਤਾਂ ਟਮਾਟਰ ਲਗਾਤਾਰ ਖਾਂਦੇ ਰਹਿਣਾ ਚਾਹੀਦਾ ਹੈ। ਇਸ ਨਾਲ ਕਬਜ਼ ਨਹੀਂ ਹੁੰਦੀ ਪਾਖਾਨਾ ਸਾਫ਼ ਹੋ ਜਾਂਦਾ ਹੈ, ਅਫਾਰਾ ਦੂਰ ਹੋ ਜਾਂਦਾ ਹੈ। ਮਿਹਦੇ ਦੀ ਜ਼ਹਿਰ ਨੂੰ ਬਾਹਰ ਕੱਢ ਦਿੰਦਾ ਹੈ। ਦੁੱਧ ਚੁੰਘਦੇ ਬੱਚਿਆਂ ਨੂੰ ਥੋੜ੍ਹਾ-ਥੋੜ੍ਹਾ ਟਮਾਟਰਾਂ ਦਾ ਰਸ ਖਿਲਾਉਣਾ ਉਹਨਾਂ ਦੀ ਸਿਹਤ ਨੂੰ ਠੀਕ ਰੱਖਦਾ ਹੈ। ਬੱਚਾ ਤੰਦਰੁਸਤ ਰਹਿੰਦਾ ਹੈ।
- ਸਰਦੀਆਂ ਵਿਚ ਜੁਕਾਮ ਅਤੇ ਖਾਂਸੀ ਹੋ ਜਾਣਾ ਆਮ ਜਿਹੀ ਗੱਲ ਹੈ। ਇਹਨਾਂ ਅਲਾਮਤਾਂ ਤੋਂ ਖਹਿੜਾ ਛੁਡਾਉਣ ਦੇ ਲਈ ਤਿੰਨ-ਚਾਰ ਲੌਂਗ ਅਦਰਕ ਪਾ ਕੇ ਟਮਾਟਰਾਂ ਦਾ ਸੂਪ ਬਣਾਕੇ ਰੋਜ਼ਾਨਾ ਗਰਮ-ਗਰਮ ਤਿੰਨ ਵਾਰ ਪੀਣਾ ਚਾਹੀਦਾ ਹੈ।
- ਸਿਰ ਵਿਚ ਵਾਲਾਂ ਅੰਦਰ ਕਰ ਹੋ ਜਾਣ ’ਤੇ ਇੱਕ ਕੱਪ ਲਾਲ ਟਮਾਟਰ ਦੇ ਰਸ ਵਿਚ ਇੱਕ ਚਮਚਾ ਚੀਨੀ ਮਿਲਾਕੇ ਵਾਲਾਂ ਦੀਆਂ ਜੜ੍ਹਾਂ ਵਿਚ ਝੱਸਣ ਨਾਲ ਕਰ ਹਟ ਜਾਂਦੀ ਹੈ। ਵਾਲ ਚਮਕੀਲੇ ਹੋ ਜਾਂਦੇ ਹਨ।
- ਟਮਾਟਰਾਂ ਦਾ ਰਸ ਇੱਕ ਗਲਾਸ ਲਗਾਤਾਰ ਪੀਂਦੇ ਰਹਿਣ ਨਾਲ ਲਹੂ ਦੀ ਘਾਟ ਖਤਮ ਹੋ ਜਾਂਦੀ ਹੈ। ਖ਼ੂਨ ਵਧਣ ਲੱਗ ਜਾਂਦਾ ਹੈ। ਇਸ ਵਿਚ ਲੋਹੇ ਦਾ ਤੱਤ ਕਾਫ਼ੀ ਮਾਤਰਾ ਵਿਚ ਹੁੰਦਾ ਹੈ। ਗਰਭਵਤੀ ਔਰਤਾਂ ਨੂੰ ਲਹੂ ਦੀ ਕਮੀ ਤੇ ਕਾਬੂ ਪਾਉਣ ਲਈ ਟਮਾਟਰਾਂ ਦਾ ਰਸ ਪੀਂਦੇ ਰਹਿਣਾ ਚਾਹੀਦਾ ਹੈ। ਇਸ ਨਾਲ ਪੈਦਾ ਹੋਣ ਵਾਲੀ ਸੰਤਾਨ ਵੀ ਰਿਸ਼ਟ-ਪੁਸ਼ਟ ਹੁੰਦੀ ਹੈ।
- ਇਹ ਤਾਂ ਸਾਰੇ ਜਾਣਦੇ ਹੀ ਹਨ ਕਿ ਕੈਲਸੀਅਮ (ਚੂਨਾ) ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਟਮਾਟਰਾਂ ਦਾ ਕਿਸੇ ਵੀ ਰੂਪ ਵਿਚ ਸੇਵਨ ਕਰਨ ਨਾਲ ਹੱਡੀਆਂ ਮਜ਼ਬੂਤ ਬਣਦੀਆਂ ਹਨ ਕਿਉਂਕਿ ਟਮਾਟਰਾਂ ਵਿੱਚ ਕੈਲਸੀਅਮ ਹੁੰਦਾ ਹੈ।
- ਇੱਕ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਲਾਈਕੋਪਿਨ ਟਮਾਟਰ ਵਿਚ ਵੱਧ ਮਾਤਰਾ ਵਿਚ ਹੁੰਦਾ ਹੈ। ਇਹ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਬਚਾਉਂਦਾ ਹੈ। ਇਹ ਫਰੀ ਰੇਡੀਕਲਜ ਨੂੰ ਨਸ਼ਟ ਕਰਦਾ ਹੈ। ਲਾਈਕੋਪਿਨ ਫੇਫੜਿਆਂ ਦਿਲ ਅਤੇ ਪੇਟ ਦੀ ਕਾਰਜ ਪ੍ਰਣਾਲੀ ਨੂੰ ਸਹੀ ਤਰੀਕੇ ਨਾਲ ਚਲਾਉਂਦਾ ਹੈ। ਇਹ ਸਾਡੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਕੁਦਰਤੀ ਸਮਰੱਥਾ (ਇਮਿਊਨਿਟੀ) ਨੂੰ ਵੀ ਵਧਾਉਂਦਾ ਹੈ।
- ਟਮਾਟਰਾਂ ਨੂੰ ਕਈ ਢੰਗਾਂ ਨਾਲ ਸੇਵਨ ਕੀਤਾ ਜਾਂਦਾ ਹੈ। ਇਸਨੂੰ ਸਲਾਦ ਅਤੇ ਚਟਣੀ ਦੇ ਤੌਰ ’ਤੇ ਵੀ ਖਾਧਾ ਜਾਂਦਾ ਹੈ। ਇਸ ਨਾਲ ਸਾਡੇ ਸਰੀਰ ਨੂੰ ਜ਼ਰੂਰੀ ਪੌਸ਼ਟਿਕ ਤੱਤ ਅਤੇ ਖਣਿਜ ਮਿਲਦੇ ਹਨ। ਟਮਾਟਰਾਂ ਦੀ ਸੱਸ ਅਤੇ ਸੂਪ ਦਾ ਸੇਵਨ ਲਾਭਕਾਰੀ ਹੁੰਦਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਟਮਾਟਰਾਂ ਵਿਚ ਤਾਂਬਾ ਵੀ ਕਾਫੀ ਮਿਲਦਾ ਹੈ। ਇਹ ਖ਼ੂਨ ਦੇ ਲਾਲ ਰਕਤਾਣੂਆਂ ਨੂੰ ਵਧਾਉਂਦਾ ਹੈ। ਟਮਾਟਰ ਵਿਚ ਲੋਹਾ ਵੀ ਬਹੁਤ ਹੁੰਦਾ ਹੈ। ਰੋਗਾਂ ਤੋਂ ਬਚਣ ਲਈ ਹਰ ਰੋਜ਼ ਟਮਾਟਰ ਖਾਣੇ ਚਾਹੀਦੇ ਹਨ। ਕੁਝ ਕੁ ਸਥਿਤੀਆਂ ਨੂੰ ਛੱਡਕੇ ਟਮਾਟਰ ਨੂੰ ਕੱਚਾ ਹੀ ਖਾਣਾ ਚਾਹੀਦਾ ਹੈ।



**ਅਮਰੂਦ (Guava)**

- ਅਮਰੂਦ ਇਕ ਸਸਤਾ ਫਲ ਹੈ ਅਤੇ ਮਿਲ ਵੀ ਸੌਖ ਨਾਲ ਜਾਂਦਾ ਹੈ। ਇਸਦੇ ਸੇਵਨ ਨਾਲ ਬਹੁਤ ਸਾਰੇ ਰੋਗਾਂ ਤੋਂ ਨਿਜ਼ਾਤ ਮਿਲ ਜਾਂਦੀ ਹੈ। ਇਹਨਾਂ ਰੋਗਾਂ ਦੇ ਅਮਰੂਦ ਨਾਲ ਇਲਾਜ ਕਰਨ ਵਾਸਤੇ ਹੇਠਾਂ ਦਰਜ਼ ਕੀਤੀ ਗਈ ਸੰਖੇਪ ਜਾਣਕਾਰੀ ਲਾਹੇਵੰਦ ਹੋਵੇਗੀ। ਅਮਰੂਦ ਨੂੰ ਜਾਮਫਲ ਵੀ ਆਖਿਆ ਜਾਂਦਾ ਹੈ।
- ਜੇਕਰ ਕਿਸੇ ਵਿਅਕਤੀ ਨੂੰ ਪਤਲੇ ਦਸਤ ਲੱਗ ਗਏ ਹੋਣ ਤਾਂ ਉਸਨੂੰ ਪੱਕੇ ਹੋਏ ਦੋ ਅਮਰੂਦ ਮਿਸਰੀ ਲਾ ਕੇ ਰੋਜ਼ਾਨਾ ਤਿੰਨ ਵਾਰੀ ਖਾਣ ਨਾਲ ਪਤਲੇ ਦਸਤ ਠੀਕ ਹੋ ਜਾਂਦੇ ਹਨ।
- ਸਾਨੂੰ ਕਈ ਵਾਰੀ ਕੁੱਕਰ ਖਾਂਸੀ ਹੋ ਜਾਂਦੀ ਹੈ। ਇਸਤੋਂ ਛੁਟਕਾਰਾ ਪਾਉਣ ਦੇ ਲਈ ਇੱਕ ਅਮਰੂਦ ਨੂੰ ਭੁੱਬਲ ਵਿਚ ਭੁੰਨਕੇ ਖਾਣ ਨਾਲ ਕੁੱਕਰ ਖਾਂਸੀ ਬੰਦ ਹੋ ਜਾਂਦੀ ਹੈ।
- ਕਈ ਵਿਅਕਤੀ ਪੁਰਾਣੇ ਸਰਦੀ, ਜੁਕਾਮ ਅਤੇ ਨਜ਼ਲੇ ਤੋਂ ਪੀੜਤ ਰਹਿੰਦੇ ਹਨ। ਉਹਨਾਂ ਨੂੰ ਤਿੰਨ ਦਿਨ ਸਿਰਫ਼ ਅਮਰੂਦ ਹੀ ਖਾਣੇ ਚਾਹੀਦੇ ਹਨ। ਇਹ ਅਲਾਮਤਾਂ ਤੋਂ ਛੁਟਕਾਰਾ ਮਿਲ ਜਾਵੇਗਾ।
- ਅਮਰੂਦ ਖਾਣ ਨਾਲ ਅਫੀਮ, ਗਾਂਜਾ, ਚਰਸ, ਭੰਗ ਅਤੇ ਸ਼ਰਾਬ ਦਾ ਨਸ਼ਾ ਲਹਿ ਜਾਂਦਾ ਹੈ। ਇਸਤੋਂ ਉਤਪਨ ਬੇਚੈਨੀ ਖਤਮ ਹੋ ਜਾਂਦੀ ਹੈ।
- ਮਿੱਠਾ ਪੱਕਿਆ ਹੋਇਆ ਅਮਰੂਦ ਖਾਣ ਨਾਲ ਪੇਚਿਸ਼ ਅਤੇ ਬਦਹਾਜ਼ਮੀ ਨੂੰ ਆਰਾਮ ਆ ਜਾਂਦਾ ਹੈ।
- ਇਹ ਤਾਂ ਸਾਰਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਮਰੂਦ ਇੱਕ ਪੌਸ਼ਟਿਕ ਫ਼ਲ ਹੈ। ਗਰਭਵਤੀ ਔਰਤ ਨੂੰ ਅਮਰੂਦ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ। ਇਸਦੇ ਨਾਲ ਪੈਦਾ ਹੋਣ ਵਾਲੀ ਸੰਤਾਨ ਤੰਦਰੁਸਤ ਅਤੇ ਰਿਸ਼ਟ-ਪੁਸ਼ਟ ਹੋਵੇਗੀ। ਜਣੇਪੇ ਸਮੇਂ ਤਕਲੀਫ ਵੀ ਘੱਟ ਹੋਵੇਗੀ।
- ਮਲ ਤਿਆਗ ਕਰਦੇ ਸਮੇਂ ਕਦੇ-ਕਦੇ ਗੁਦਾ ਬਾਹਰ ਨਿੱਕਲ ਆਉਂਦੀ ਹੈ। ਬੱਚਿਆਂ ਨਾਲ ਤਾਂ ਇਹ ਅਕਸਰ ਹੀ ਵਾਪਰਦਾ ਹੈ। ਔਰਤਾਂ ਚਮੜੇ ਦੀ ਜੁੱਤੀ ਨਾਲ ਉਸਨੂੰ ਆਪਣੇ ਸਹੀ ਸਥਾਨ ’ਤੇ ਪਹੁੰਚਾਉਣ ਦਾ ਯਤਨ ਕਰਦੀਆਂ ਹਨ, ਇੰਝ ਕਰਨਾ ਸਹੀ ਨਹੀਂ ਆਖਿਆ ਜਾ ਸਕਦਾ। ਇਸ ਅਵਸਥਾ ਵਿਚ ਅਮਰੂਦ ਦੇ ਪੱਤਿਆਂ ਨੂੰ ਪੀਸਕੇ ਇਸਦੀ ਬਾਰੀਕ ਖਟਣੀ ਜਿਹੀ ਬਣਾਕੇ ਮਲ-ਦੁਆਰ ’ਤੇ ਬੰਨ੍ਹਣ ਨਾਲ ਗੁਦਾ ਬਾਹਰ ਨਿਕਲਣ ਨੂੰ ਆਰਾਮ ਆ ਜਾਂਦਾ ਹੈ। ਬਹੁਤ ਰਾਹਤ ਮਿਲਦੀ ਹੈ। ਹੋਣ ਵਾਲੀ ਜਲਣ ਵੀ ਖਤਮ ਹੋ ਜਾਂਦੀ ਹੈ।
- ਜੇਕਰ ਕਿਸੇ ਨੂੰ ਸੁੱਕੀ ਖਾਂਸੀ ਆਉਂਦੀ ਹੋਵੇ ਤਾਂ ਉਸ ਵਿਅਕਤੀ ਨੂੰ ਪੱਕੇ ਹੋਏ ਅਮਰੂਦ ਚੱਬ-ਚੱਬਕੇ ਖਾਣੇ ਚਾਹੀਦੇ ਹਨ। ਸੁੱਕੀ ਖਾਂਸੀ ਆਉਣੀ ਬੰਦ ਹੋ ਜਾਂਦੀ ਹੈ।
- ਜੇਕਰ ਅਮਰੂਦਾਂ ਦਾ ਨੇਮਬੱਧ ਭੋਜਨ ਕੀਤਾ ਜਾਵੇ ਤਾਂ ਹੱਡੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਇਹ ਮਜ਼ਬੂਤੀ ਚਿਰ-ਸਥਾਈ ਹੁੰਦੀ ਹੈ।
- ਵੇਖਣ ਤੋਂ ਪਤਾ ਲੱਗਦਾ ਹੈ ਕਿ ਬਹੁਤ ਵੱਧ ਲੋਕ ਸਿਗਰਟਾਂ ਪੀਂਦੇ ਹਨ ਅਤੇ ਪਾਨ ਮਸਾਲਾ ਖਾਂਦੇ ਹਨ। ਉਹਨਾਂ ਦੀ ਇਹ ਆਦਤ ਛੁਡਵਾਉਣ ਦੇ ਲਈ ਅਮਰੂਦ ਦੇ ਤਿੰਨ-ਤਿੰਨ ਪੱਤੇ, ਹਰ ਰੋਜ਼ ਤਿੰਨ ਵਾਰੀ ਚੱਬਕੇ ਰਸ ਨੂੰ ਚੁਸਵਾਉਂਦੇ ਰਹਿਣਾ ਚਾਹੀਦਾ ਹੈ। ਪੱਤਿਆਂ ਦਾ ਚੂਰਾ ਅੰਦਰ ਨਹੀਂ ਲੰਘਾਉਣਾ ਚਾਹੀਦਾ।
- ਕਦੇ ਨਾ ਕਦੇ ਸਾਨੂੰ ਦੱਦ, ਖੁਜਲੀ (ਖੁਰਕ), ਫੋੜੇ, ਫੁੰਨਸੀਆਂ ਅਤੇ ਲਹੂ ਨਾਲ ਜੁੜੇ ਹੋਏ ਕਈ ਰੋਗ ਦਬੋਚ ਲੈਂਦੇ ਹਨ। ਇਹਨਾਂ ਤੋਂ ਮੁਕਤੀ ਪਾਉਣ ਦੇ ਲਈ ਹਰ ਰੋਜ਼ 250 ਗ੍ਰਾਮ ਅਮਰੂਦ ਚਾਰ-ਪੰਜ ਹਫਤੇ ਖਾਣੇ ਚਾਹੀਦੇ ਹਨ। ਇਹ ਕਿਵੇਂ ਠੀਕ ਹੋ ਜਾਂਦੇ ਹਨ? ਕਿਉਂਕਿ ਅਮਰੂਦ ਵਿਚ ਪੇਟ ਨੂੰ ਸਾਫ਼ ਕਰਨ, ਵਧੀ ਹੋਈ ਗਰਮੀ ਨੂੰ ਘੱਟ ਕਰਨ, ਲਹੂ ਨੂੰ ਸੋਧਣ ਦੀ ਸਮਰੱਥਾ ਹੁੰਦੀ ਹੈ। ਇਸ ਕਰਕੇ ਦੱਦ, ਫੋੜੇ ਫੁੰਨਸੀਆਂ ਨੂੰ ਆਰਾਮ ਆ ਜਾਂਦਾ ਹੈ।
- ਕੁਝ ਦਿਨਾਂ ਤੱਕ ਖਾਲੀ ਪੇਟ ਕਰੀਬ 250-300 ਗ੍ਰਾਮ ਅਮਰੂਦ ਰੋਜ਼ਾਨਾ ਖਾਂਦੇ ਰਹਿਣ ਨਾਲ ਬਵਾਸੀਰ ਠੀਕ ਹੋ ਜਾਂਦੀ ਹੈ। ਅਮਰੂਦ ਤੇ ਲੂਣ ਭੁੱਕ ਕੇ ਖਾਣ ਨਾਲ ਪੇਟ ਦਰਦ ਵਿਚ ਫ਼ਾਇਦਾ ਹੁੰਦਾ ਹੈ। ਅੱਧੇ ਸਿਰ ਦਾ ਦਰਦ ਸੂਰਜ ਚੜਨ ਤੋਂ ਲੈ ਕੇ ਸੂਰਜ ਛੁਪਣ ਤੱਕ ਹੁੰਦਾ ਰਹਿੰਦਾ ਹੈ। ਇਹ ਬਹੁਤ ਹੀ ਕਸ਼ਟਦਾਇਕ ਹੁੰਦਾ ਹੈ। ਇਸਦੇ ਇਲਾਜ ਲਈ ਸੂਰਜ ਚੜ੍ਹਨ ਤੋਂ ਪਹਿਲਾਂ ਇਹ ਪੱਕਿਆ ਅਮਰੂਦ ਖਾਂਦੇ ਰਹਿਣ ਨਾਲ ਲਾਭ ਹੁੰਦਾ ਹੈ। ਜਵਾਨੀ ਚੜ੍ਹਦੀ ਅਵਸਥਾ ਵਿਚ ਮੁੰਡੇ ਅਤੇ ਕੁੜੀਆਂ ਦੋਵਾਂ ਨੂੰ ਸੁਪਨੇ ਵਿਚ ਵੀਰਜ਼-ਪਤਨ ਹੋਣ ਲੱਗਦਾ ਹੈ। ਇਸਨੂੰ ਸੁਪਨਦੋਸ਼ ਆਖਦੇ ਹਨ। ਕਿਉਂਕਿ ਇਹ ਵਰਤਾਰਾ ਉਸ ਨਾਲ ਪਹਿਲੀ ਵਾਰੀ ਵਾਪਰਦਾ ਹੈ, ਉਹ ਪ੍ਰੇਸ਼ਾਨ ਰਹਿਣ ਲੱਗਦੇ ਹਨ। ਚਿੰਤਾ ਕਰਦੇ ਹਨ। ਇਸ ਬਾਰੇ ਦੱਸਣ ਤੋਂ ਵੀ ਕਤਰਾਉਂਦੇ ਹਨ। ਇਸ ਸਮੱਸਿਆ ਨਾਲ ਨਿਪਟਣ ਦੇ ਲਈ ਹਰ ਰੋਜ਼ ਦੋ ਅਮਰੂਦ ਖਾਂਦੇ ਰਹਿਣਾ ਚਾਹੀਦਾ ਹੈ। ਸਭ ਠੀਕ ਹੋ ਜਾਂਦਾ ਹੈ।
- ਜਦੋਂ ਬੁਖਾਰ ਕਾਂਬਾ ਲੱਗਕੇ ਚੜ੍ਹਦਾ ਹੋਵੇ ਤਾਂ ਰੋਗੀ ਨੂੰ ਅਮਰੂਦ ਖਵਾਉਣਾ ਚਾਹੀਦਾ ਹੈ। ਜੇਕਰ ਬੁਖਾਰ ਕਈ ਦਿਨਾਂ ਤੋਂ ਚੜ੍ਹ ਰਿਹਾ ਹੋਵੇ ਤਾਂ ਹਰ ਰੋਜ਼ ਅਮਰੂਦ ਖਵਾਉਣ ਨਾਲ ਬੁਖਾਰ ਚੜ੍ਹਨਾ ਬੰਦ ਹੋ ਜਾਂਦਾ ਹੈ। ਕਾਂਬੇ ਦੇ ਬੁਖਾਰ ਨੂੰ ਹੀ ਮਲੇਰੀਆ ਆਖਦੇ ਹਨ।
- ਦਿਲ ਦੀ ਕਮਜ਼ੋਰੀ, ਦਿਮਾਗੀ ਕਮਜ਼ੋਰੀ ਵਿਚ ਅਮਰੂਦ ਖਾਣ ਨਾਲ ਫ਼ਾਇਦਾ ਹੁੰਦਾ ਹੈ। ਅਮਰੂਦ ਤ੍ਰੇਹ ਮਿਟਾਉਂਦਾ ਹੈ। ਇਸਦੇ ਸੇਵਨ ਨਾਲ ਸਰੀਰ ਵਿਚ ਤਾਕਤ ਅਤੇ ਚੁਸਤੀ ਭਾਵ ਫੁਰਤੀਲਾਪਣ ਆ ਜਾਂਦਾ ਹੈ। ਇਹ ਇਸ ਕਾਰਣ ਹੁੰਦਾ ਹੈ ਕਿਉਂਕਿ ਅਮਰੂਦ ਵਿਚ ਵਿਟਾਮਿਨ ਸੀ ਦੀ ਮਾਤਰਾ ਬਹੁਤ ਵੱਧ ਹੁੰਦੀ ਹੈ। ਇੱਕ ਖੋਜ਼ ਦੇ ਮੁਤਾਬਿਕ ਇੱਕ ਸੌ ਗ੍ਰਾਮ ਅਮਰੂਦ ਵਿਚ 300 ਤੋਂ ਲੈ ਕੇ ਸਾਢੇ ਚਾਰ ਸੌ ਮਿਲੀ ਗ੍ਰਾਮ ਵਿਟਾਮਿਨ ਸੀ ਹੁੰਦਾ ਹੈ।

# ਕ੍ਰਿਕਟ ਦਾ ਰੋਮਾਂਚ ਹੋਵੇਗਾ ਸਿਖਰਾਂ ‘ਤੇ, IND vs AUS ਸੀਰੀਜ਼ ਦਾ ਸ਼ਡਿਊਲ ਜਾਰੀ




ਇੱਕ ਵਾਰ ਫਿਰ ਕ੍ਰਿਕਟ ਪ੍ਰਸ਼ੰਸਕਾਂ ਲਈ ਇੱਕ ਵੱਡਾ ਰੋਮਾਂਚ ਆਉਣ ਵਾਲਾ ਹੈ। ਇਸ ਸਾਲ ਅਕਤੂਬਰ-ਨਵੰਬਰ ਵਿੱਚ ਭਾਰਤ ਅਤੇ ਆਸਟ੍ਰੇਲੀਆ ਵਿਚਾਲੇ ਤਿੰਨ ਮੈਚਾਂ ਦੀ ਵਨਡੇ ਅਤੇ ਪੰਜ ਮੈਚਾਂ ਦੀ ਟੀ-20 ਸੀਰੀਜ਼ ਖੇਡੀ ਜਾਵੇਗੀ। ਇਹ ਸੀਰੀਜ਼ ਦੋਵਾਂ ਟੀਮਾਂ ਲਈ ਬਹੁਤ ਮਹੱਤਵਪੂਰਨ ਹੋਣ ਵਾਲੀ ਹੈ ਕਿਉਂਕਿ ਦੋਵੇਂ ਟੀਮਾਂ ਆਉਣ ਵਾਲੇ ਵੱਡੇ ਟੂਰਨਾਮੈਂਟਾਂ ਲਈ ਤਿਆਰੀ ਕਰ ਰਹੀਆਂ ਹਨ। ਇਸ ਬਹੁਤ ਉਡੀਕੇ ਜਾ ਰਹੇ ਦੌਰੇ ਦਾ ਪੂਰਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ।

ਜਦੋਂ ਵੀ ਭਾਰਤ ਅਤੇ ਆਸਟ੍ਰੇਲੀਆ ਦੀਆਂ ਟੀਮਾਂ ਇੱਕ ਦੂਜੇ ਦੇ ਸਾਹਮਣੇ ਹੁੰਦੀਆਂ ਹਨ, ਕ੍ਰਿਕਟ ਪ੍ਰੇਮੀਆਂ ਨੂੰ ਹਾਈ-ਵੋਲਟੇਜ ਮੈਚ ਦੇਖਣ ਨੂੰ ਮਿਲਦੇ ਹਨ। ਦੋਵਾਂ ਟੀਮਾਂ ਵਿਚਕਾਰ ਸਖ਼ਤ ਮੁਕਾਬਲਾ ਹੈ ਅਤੇ ਹਰ ਮੈਚ ਵਿੱਚ ਬਹੁਤ ਉਤਸ਼ਾਹ ਹੈ। ਇਸ ਵਾਰ ਵੀ ਪ੍ਰਸ਼ੰਸਕ ਅਜਿਹੇ ਦਿਲਚਸਪ ਮੈਚਾਂ ਦੀ ਉਮੀਦ ਕਰ ਰਹੇ ਹਨ। ਇਸ ਲੜੀ ਵਿੱਚ ਦੋਵਾਂ ਟੀਮਾਂ ਦੇ ਵੱਡੇ ਖਿਡਾਰੀ ਮੈਦਾਨ ਵਿੱਚ ਉਤਰਨਗੇ। ਭਾਰਤੀ ਟੀਮ ਵਿੱਚੋਂ ਵਿਰਾਟ ਕੋਹਲੀ, ਰੋਹਿਤ ਸ਼ਰਮਾ, ਜਸਪ੍ਰੀਤ ਬੁਮਰਾਹ ਅਤੇ ਸੂਰਿਆਕੁਮਾਰ ਯਾਦਵ ਵਰਗੇ ਖਿਡਾਰੀ ਦੇਖੇ ਜਾ ਸਕਦੇ ਹਨ। ਦੂਜੇ ਪਾਸੇ, ਆਸਟ੍ਰੇਲੀਆ ਵੱਲੋਂ, ਸਟੀਵ ਸਮਿਥ, ਡੇਵਿਡ ਵਾਰਨਰ, ਪੈਟ ਕਮਿੰਸ ਅਤੇ ਮਿਸ਼ੇਲ ਸਟਾਰਕ ਵਰਗੇ ਤਜਰਬੇਕਾਰ ਖਿਡਾਰੀ ਆਪਣੀ ਟੀਮ ਨੂੰ ਮਜ਼ਬੂਤ ਕਰਨਗੇ।

# ਦਿੱਲੀ ਦੇ ਗੇਂਦਬਾਜ਼ਾਂ ਨੇ ਕੱਸਿਆ ਹੈਦਰਾਬਾਦ ਦੇ ਬੱਲੇਬਾਜ਼ਾਂ ‘ਤੇ ਸ਼ਿਕੰਜਾ




ਆਈਪੀਐਲ 2025 ਦਾ 10ਵਾਂ ਮੈਚ ਅੱਜ ਦਿੱਲੀ ਕੈਪੀਟਲਜ਼ ਅਤੇ ਸਨਰਾਈਜ਼ਰਜ਼ ਹੈਦਰਾਬਾਦ ਵਿਚਕਾਰ ਵਿਸ਼ਾਖਾਪਟਨਮ ਦੇ ਡਾ. ਵਾਈ.ਐਸ. ਰਾਜਾਸ਼ੇਖਰ ਰੈਡੀ ਕ੍ਰਿਕਟ ਸਟੇਡੀਅਮ ਵਿੱਚ ਖੇਡਿਆ ਜਾ ਰਿਹਾ ਹੈ। ਹੈਦਰਾਬਾਦ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ।ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਹੈਦਰਾਬਾਦ ਨੇ 18.4 ਓਵਰਾਂ ‘ਚ ਆਲ ਆਊਟ ਹੋ ਕੇ 163 ਦੌੜਾਂ ਬਣਾਈਆਂ ਤੇ ਦਿੱਲੀ ਨੂੰ ਜਿੱਤ ਲਈ 164 ਦੌੜਾਂ ਦਾ ਟੀਚਾ ਦਿੱਤਾ।

ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਹੈਦਰਾਬਾਦ ਦੇ ਕਈ ਧਾਕੜ ਬੱਲੇਬਾਜ਼ ਦਿੱਲੀ ਦੀ ਗੇਂਦਬਾਜ਼ੀ ਅੱਗੇ ਖੁੱਲ ਕੇ ਨਾ ਖੇਡ ਸਕੇ। ਅਭਿਸ਼ੇਕ ਸ਼ਰਮਾ 1 ਦੌੜਾ, ਈਸ਼ਾਨ ਕਿਸ਼ਨ 2 ਦੌੜਾਂ , ਨਿਤੀਸ਼ ਕੁਮਾਰ ਰੈੱਡੀ 0 ਦੌੜ, ਪੈਟ ਕਮਿੰਸ 4 ਦੌੜ ਬਣਾ ਆਊਟ ਹੋਏ। ਅਨਿਕੇਤ ਵਰਮਾ ਨੇ ਸ਼ਾਨਦਾਰ 74 ਦੌੜਾਂ ਤੇ ਹੈਨਰਿਕ ਕਲਾਸੇਨ ਨੇ 32 ਦੌੜਾਂ, ਟ੍ਰੈਵਿਸ ਹੈੱਡ 22 ਦੌੜਾਂ ਬਣਾਈਆਂ। ਦਿੱਲੀ ਲਈ ਮਿਸ਼ੇਲ ਸਟਾਰਕ ਨੇ 5, ਮੋਹਿਤ ਸ਼ਰਮਾ ਨੇ 1 ਤੇ ਕੁਲਦੀਪ ਯਾਦਵ ਨੇ 3 ਵਿਕਟਾਂ ਝਟਕਾਈਆਂ।

ਕੇਐਲ ਰਾਹੁਲ ਦੀ ਮੌਜੂਦਗੀ ਨਾਲ ਦਿੱਲੀ ਕੈਪੀਟਲਜ਼ ਦੀ ਬੱਲੇਬਾਜ਼ੀ ਮਜ਼ਬੂਤ ਹੋਣ ਦੀ ਸੰਭਾਵਨਾ ਹੈ। ਹਾਲਾਂਕਿ, ਡੀਸੀ ਦਾ ਸਿਖਰਲਾ ਅਤੇ ਮੱਧ ਕ੍ਰਮ ਚਿੰਤਾ ਦਾ ਕਾਰਨ ਬਣਿਆ ਹੋਇਆ ਹੈ। ਦੂਜੇ ਪਾਸੇ, ਹੈਦਰਾਬਾਦ ਨੇ ਆਪਣੇ ਸੀਜ਼ਨ ਦੀ ਸ਼ੁਰੂਆਤ ਰਾਜਸਥਾਨ ਰਾਇਲਜ਼ ‘ਤੇ ਸ਼ਾਨਦਾਰ ਜਿੱਤ ਨਾਲ ਕੀਤੀ ਪਰ ਆਪਣੇ ਦੂਜੇ ਮੈਚ ਵਿੱਚ ਲਖਨਊ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਸ੍ਰ ਕੋਲ ਟੂਰਨਾਮੈਂਟ ਦੀ ਸਭ ਤੋਂ ਹਮਲਾਵਰ ਬੱਲੇਬਾਜ਼ੀ ਲਾਈਨਅੱਪ ਹੈ, ਜਿਸ ਵਿੱਚ ਅਭਿਸ਼ੇਕ ਸ਼ਰਮਾ, ਹੇਨਰਿਕ ਕਲਾਸੇਨ ਅਤੇ ਅਨਿਕੇਤ ਵਰਮਾ ਮੁੱਖ ਭੂਮਿਕਾਵਾਂ ਨਿਭਾ ਸਕਦੇ ਹਨ।

# ਆਰੀਅਨਾ ਸਬਾਲੇਂਕਾ ਨੇ ਜੈਸਿਕਾ ਪੇਗੁਲਾ ਨੂੰ ਹਰਾ ਕੇ ਮਿਆਮੀ ਓਪਨ ਦਾ ਖਿਤਾਬ ਜਿੱਤਿਆ




ਮੈਡ੍ਰਿਡ- ਬੇਲਾਰੂਸ ਦੀ ਮਹਾਨ ਟੈਨਿਸ ਖਿਡਾਰਨ ਆਰੀਆਨਾ ਸਬਾਲੇਂਕਾ ਨੇ ਮਹਿਲਾ ਸਿੰਗਲਜ਼ ਦੇ ਫਾਈਨਲ ਮੈਚ ਵਿੱਚ ਅਮਰੀਕਾ ਦੀ ਜੈਸਿਕਾ ਪੇਗੁਲਾ ਨੂੰ ਹਰਾ ਕੇ ਮਿਆਮੀ ਓਪਨ ਦਾ ਖਿਤਾਬ ਜਿੱਤ ਲਿਆ ਹੈ। ਬੇਲਾਰੂਸ ਦੀ ਨੰਬਰ ਇੱਕ ਸਬਾਲੇਂਕਾ ਨੇ ਸ਼ਨੀਵਾਰ ਨੂੰ ਮਿਆਮੀ ਓਪਨ ਦੇ ਖਿਤਾਬੀ ਮੁਕਾਬਲੇ ਵਿੱਚ ਚੌਥਾ ਦਰਜਾ ਪ੍ਰਾਪਤ ਅਮਰੀਕੀ ਜੈਸਿਕਾ ਪੇਗੁਲਾ ਨੂੰ ਸਿੱਧੇ ਸੈੱਟਾਂ ਵਿੱਚ 7-5, 6-2 ਨਾਲ ਹਰਾਇਆ। ਇਹ ਸਬਾਲੇਂਕਾ ਦਾ ਆਪਣੇ ਕਰੀਅਰ ਦਾ 19ਵਾਂ ਟੂਰ ਖਿਤਾਬ ਹੈ।

# ਸਟਾਰਕ ਦੀਆਂ 5 ਵਿਕਟਾਂ ਤੋਂ ਬਾਅਦ ਡੁਪਲੇਸਿਸ ਦਾ ਅਰਧ ਸੈਂਕੜਾ

ਆਈਪੀਐਲ 2025 ਦਾ 10ਵਾਂ ਮੈਚ ਅੱਜ ਦਿੱਲੀ ਕੈਪੀਟਲਜ਼ ਅਤੇ ਸਨਰਾਈਜ਼ਰਜ਼ ਹੈਦਰਾਬਾਦ ਵਿਚਕਾਰ ਵਿਸ਼ਾਖਾਪਟਨਮ ਦੇ ਡਾ. ਵਾਈ. ਐਸ. ਰਾਜਾਸ਼ੇਖਰ ਰੈਡੀ ਕ੍ਰਿਕਟ ਸਟੇਡੀਅਮ ਵਿੱਚ ਖੇਡਿਆ ਗਿਆ। ਫਾਫ ਡੂ ਪਲੇਸਿਸ ਦੇ ਅਰਧ ਸੈਂਕੜੇ ਤੋਂ ਬਾਅਦ ਮਿਸ਼ੇਲ ਸਟਾਰਕ ਅਤੇ ਕੁਲਦੀਪ ਯਾਦਵ ਦੀ ਤੇਜ਼ ਗੇਂਦਬਾਜ਼ੀ ਨੇ ਦਿੱਲੀ ਕੈਪੀਟਲਜ਼ ਨੂੰ ਗੁਹਾਟੀ ਵਿੱਚ ਹੈਦਰਾਬਾਦ ਉੱਤੇ 7 ਵਿਕਟਾਂ ਨਾਲ ਜਿੱਤ ਦਿਵਾਈ। ਸਟਾਰਕ ਨੇ ਆਪਣੇ ਕਰੀਅਰ ਦੀ ਸਭ ਤੋਂ ਵਧੀਆ ਗੇਂਦਬਾਜ਼ੀ ਕੀਤੀ ਅਤੇ 35 ਦੌੜਾਂ ਦੇ ਕੇ 5 ਵਿਕਟਾਂ ਲਈਆਂ ਜਦੋਂ ਕਿ ਕੁਲਦੀਪ ਨੇ 22 ਦੌੜਾਂ ਦੇ ਕੇ 3 ਵਿਕਟਾਂ ਲਈਆਂ ਜਿਸ ਕਾਰਨ ਪੂਰੀ ਸਨਰਾਈਜ਼ਰਜ਼ ਟੀਮ 18.4 ਓਵਰਾਂ ਵਿੱਚ ਪੈਵੇਲੀਅਨ ਪਰਤ ਗਈ। ਇਸ ਤੋਂ ਬਾਅਦ ਦਿੱਲੀ ਨੇ ਜੇਕ ਫਰੇਜ਼ਰ-ਮੈਕਗੁਰਕ ਅਤੇ



ਡੂ ਪਲੇਸਿਸ ਵਿਚਕਾਰ ਪਹਿਲੀ ਵਿਕਟ ਲਈ 81 ਦੌੜਾਂ ਦੀ ਮਜ਼ਬੂਤ ਸਾਂਝੇਦਾਰੀ ਅਤੇ ਹੋਰ ਬੱਲੇਬਾਜ਼ਾਂ ਦੇ ਸਮਰਥਨ ਦੀ ਮਦਦ ਨਾਲ 16 ਓਵਰਾਂ ਵਿੱਚ 166 ਦੌੜਾਂ ਬਣਾਈਆਂ ਅਤੇ ਮੈਚ 7 ਵਿਕਟਾਂ ਨਾਲ ਜਿੱਤ ਲਿਆ।

# ਚਾਰਧਾਮ ਦਰਸ਼ਨਾਂ ਲਈ ਗ੍ਰੀਨ ਅਤੇ ਟ੍ਰਿਪ ਕਾਰਡ ਹੋਏ ਲਾਜ਼ਮੀ



ਉੱਤਰਾਖੰਡ ਸਰਕਾਰ ਨੇ ਚਾਰਧਾਮ ਯਾਤਰਾ ਨੂੰ ਸੁਰੱਖਿਅਤ ਅਤੇ ਸੰਗਠਿਤ ਕਰਨ ਲਈ ਇੱਕ ਨਵੀਂ ਪ੍ਰਣਾਲੀ ਲਾਗੂ ਕੀਤੀ ਹੈ। ਹੁਣ ਯਾਤਰਾ ‘ਤੇ ਜਾਣ ਵਾਲੇ ਸਾਰੇ ਵਾਹਨਾਂ ਲਈ ਗ੍ਰੀਨ ਕਾਰਡ ਅਤੇ ਟ੍ਰਿਪ ਕਾਰਡ ਬਣਾਉਣਾ ਲਾਜ਼ਮੀ ਹੋਵੇਗਾ। ਇਨ੍ਹਾਂ ਦਸਤਾਵੇਜ਼ਾਂ ਤੋਂ ਬਿਨਾਂ ਕੋਈ ਵੀ ਵਾਹਨ ਯਾਤਰਾ ਨਹੀਂ ਕਰ ਸਕੇਗਾ। ਇਹ ਕਦਮ ਯਾਤਰਾ ਨੂੰ ਸਰਲ ਬਣਾਉਣ ਅਤੇ ਬਿਹਤਰ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ।

ਟਰਾਂਸਪੋਰਟ ਵਿਭਾਗ ਦੇ ਨੋਡਲ ਅਫਸਰ ਸੁਨੀਲ ਸ਼ਰਮਾ ਅਨੁਸਾਰ ਅਪਰੈਲ ਦੇ ਪਹਿਲੇ ਹਫ਼ਤੇ ਤੋਂ ਗ੍ਰੀਨ ਕਾਰਡ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਇਹ ਕਾਰਡ ਬਣਾਉਣ ਲਈ ਵਾਹਨ ਮਾਲਕ ਨੂੰ ਗਰੲਏਨਚਓਰਦ. ਕ.ਗੋਵ.ਨਿ ਪੋਰਟਲ ‘ਤੇ ਲੌਗਇਨ ਕਰਨਾ ਹੋਵੇਗਾ, ਵਾਹਨ ਨਾਲ ਸਬੰਧਤ ਸਾਰੇ ਦਸਤਾਵੇਜ਼ ਅਪਲੋਡ ਕਰਨੇ ਹੋਣਗੇ ਅਤੇ ਫੀਸ ਆਨਲਾਈਨ ਅਦਾ ਕਰਨੀ ਹੋਵੇਗੀ।

ਵੱਡੇ ਵਾਹਨਾਂ ਲਈ ਫੀਸ: 600 ਰੁਪਏ ਇਸ ਤੋਂ ਬਾਅਦ ਵਾਹਨ ਦੀ ਤਕਨੀਕੀ ਜਾਂਚ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਗ੍ਰੀਨ ਕਾਰਡ ਜਾਰੀ ਕੀਤਾ ਜਾਵੇਗਾ।

ਇਸ ਸਾਲ ਬਣਾਏ ਗਏ ਗ੍ਰੀਨ ਕਾਰਡਾਂ ਦੀ ਗਿਣਤੀ 36,000 ਤੋਂ 40,000 ਦੇ ਵਿਚਕਾਰ ਹੋਣ ਦਾ ਅਨੁਮਾਨ ਹੈ, ਜਦਕਿ ਪਿਛਲੇ ਸਾਲ 32,000 ਤੋਂ ਵੱਧ ਵਾਹਨਾਂ ਨੇ ਗ੍ਰੀਨ ਕਾਰਡ ਬਣਾਏ ਸਨ। ਗ੍ਰੀਨ ਕਾਰਡ ਮਿਲਣ ਤੋਂ ਬਾਅਦ ਪੋਰਟਲ ‘ਤੇ ਟ੍ਰਿਪ ਕਾਰਡ ਵੀ ਮੁਫ਼ਤ ਬਣਾਇਆ ਜਾ ਸਕਦਾ ਹੈ।

ਟ੍ਰਿਪ ਕਾਰਡ ਬਣਾਉਣ ਦੀ ਪ੍ਰਕਿਰਿਆ: ਟ੍ਰਿਪ ਕਾਰਡ ਬਣਾਉਣ ਲਈ, ਡਰਾਈਵਰ ਨੂੰ ਆਪਣਾ ਲਾਇਸੈਂਸ ਨੰਬਰ ਅਤੇ ਜਨਮ ਮਿਤੀ ਦਰਜ ਕਰਨੀ ਪਵੇਗੀ। ਯਾਤਰੀਆਂ ਦੀ ਜਾਣਕਾਰੀ ਸੈਰ-ਸਪਾਟਾ ਵਿਭਾਗ ਦੀ ਵੈੱਬਸਾਈਟ ‘ਤੇ ਪਹਿਲਾਂ ਤੋਂ ਮੌਜੂਦ ਲੌਗਇਨ ਆਈਡੀ ਰਾਹੀਂ ਅਪਡੇਟ ਕੀਤੀ ਜਾਵੇਗੀ।

ਯਾਤਰਾ ਦੌਰਾਨ ਵਾਹਨਾਂ ਦੀ ਚੈਕਿੰਗ: ਯਾਤਰਾ ਦੌਰਾਨ ਬ੍ਰਹਮਪੁਰੀ, ਭੱਦਰਕਾਲੀ, ਕੁਠਾਲਾ ਗੇਟ ਅਤੇ ਹਰਬਰਟਪੁਰ ਕੱਟਪੱਥਰ ਵਿਖੇ ਵਾਹਨਾਂ ਦੀ ਚੈਕਿੰਗ ਕੀਤੀ ਜਾਵੇਗੀ। ਇਸ ਤੋਂ ਇਲਾਵਾ ਯਾਤਰਾ ਵਿੱਚ ਸ਼ਾਮਲ ਹੋਣ ਵਾਲੇ ਵਾਹਨਾਂ ਦੀ ਚੌੜਾਈ 2.6 ਮੀਟਰ ਤੋਂ ਵੱਧ ਅਤੇ ਟਾਇਰਾਂ ਦੀ ਮੋਟਾਈ 173 ਇੰਚ ਤੋਂ ਵੱਧ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਸੈਰ ਸਪਾਟਾ ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਜਿਹੜੇ ਟੂਰ ਅਤੇ ਟਰੈਵਲ ਸੰਚਾਲਕਾਂ ਨੂੰ ਚਾਰਧਾਮ ਯਾਤਰਾ ‘ਤੇ ਬਿਨਾਂ ਰਜਿਸਟ੍ਰੇਸ਼ਨ ਤੋਂ ਲੈ ਕੇ ਆਉਂਦੇ ਹਨ, ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਕੇਦਾਰਨਾਥ ਯਾਤਰਾ ਲਈ ਰਿਹਾਇਸ਼ ਦਾ ਪ੍ਰਬੰਧ: 2 ਮਈ ਤੋਂ ਸ਼ੁਰੂ ਹੋਣ ਵਾਲੀ ਕੇਦਾਰਨਾਥ ਯਾਤਰਾ ਲਈ ਵੀ ਰਿਹਾਇਸ਼ ਦੇ ਪ੍ਰਬੰਧ ਕੀਤੇ ਗਏ ਹਨ।ਇਸ ਸਾਲ ਕੇਦਾਰਨਾਥ ਧਾਮ ਵਿੱਚ 15,000 ਸ਼ਰਧਾਲੂ ਠਹਿਰ ਸਕਣਗੇ, ਜਦਕਿ ਪੈਦਲ ਮਾਰਗ ‘ਤੇ 2000 ਸ਼ਰਧਾਲੂਆਂ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਤਰ੍ਹਾਂ ਕੁੱਲ 17,000 ਸ਼ਰਧਾਲੂਆਂ ਲਈ ਰਾਤ ਦੇ ਠਹਿਰਨ ਦੀ ਸਹੂਲਤ ਉਪਲਬਧ ਹੋਵੇਗੀ।


ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌਂ ਕਰੌਂ ਨਿਵਾਸ॥
ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ
30ਵਾਂ ਨਗਰ ਕੀਰਤਨ
ਸ਼੍ਰੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਸਾਹਿਬ, ਉਟਾਹੂਹੂ
ਸ਼ਨੀਵਾਰ
05
ਅਪ੍ਰੈਲ
120 , ਪ੍ਰਿੰਸੀਜ਼ ਸਟਰੀਟ, ਉਟਾਹੂਹੂ
DREAM LINE HOMES
ਰਾਜ ਕਰੇਗਾ ਖਾਲਸਾ
10-12:00 ਦੀਵਾਨ
12.30-2:30 ਨਗਰ ਕੀਰਤਨ
Langar & stalls
CONTACT: RANVEER SINGH LALI: +64 274 483 758, JASWINDER SINGH NAGRA: 0 21 737 425

# WHITE ROSE BUILDERS

*We do not build houses, We create homes...*

## Proudly Celebrating

# 20 Years in Business



DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER • BUILDING CONFIDENCE • www.dbh.govt.nz

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ Owned & Operated